


# ਮਹਿਕ-ਏ-ਵਤਨ
# Mehak E wattan
Fortnightly Newspaper



**Hardev Brar**
Chief Editor

• Vol-II • Issue- 11 • Phone : +64,274-427-338 +64 9 3900004 • www.mehakewattan.com • November 2024



**03** ਆਸਟ੍ਰੇਲੀਆ: ਸੰਸਦ ਭਵਨ ਨੇੜੇ ਰੇਪਲੀਕਾ ਬੰਦੂਕ ਨਾਲ ਗੋਲੀਬਾਰੀ, ਜਾਂਚ ਸ਼ੁਰੂ


**09** ਮੋਹਣ ਸਿੰਘ ਚਰਖਾ


**13** 15 ਲੱਖ 'ਚ ਵਿਕੀ ਗਾਇਕ ਕਰਨ ਔਜਲਾ ਦੇ ਦਿੱਲੀ ਕੰਸਰਟ ਦੀ ਟਿਕਟ


**15** ਸਿਡਨੀ ਕਰੇਗਾ ਇਸ ਵਾਰ ਆਸਟ੍ਰੇਲੀਆ ਸਿੱਖ ਗੇਮਜ਼ 2025 ਦੀ ਮੇਜ਼ਬਾਨੀ



# ਗੈਰਕਾਨੂੰਨੀ ਪ੍ਰਵਾਸੀਆਂ ਨੂੰ ਵੱਡੇ ਪੱਧਰ ’ਤੇ ਡਿਪੋਰਟ ਕਰੇਗੀ ਟਰੂਡੋ ਸਰਕਾਰ



ਵੈਨਕੂਵਰ: ਕੈਨੇਡਾ ਪ੍ਰਵਾਸੀਆਂ ‘ਤੇ ਦਿਨੋ-ਦਿਨ ਸਖ਼ਤੀ ਵਧਾਉਂਦਾ ਜਾ ਰਿਹਾ ਹੈ। ਹਾਲ ਹੀ ਵਿਚ ਕੈਨੇਡਾ ਵਿਚ ਗੈਰਕਾਨੂੰਨੀ ਤੌਰ ’ਤੇ ਮੌਜੂਦ ਪ੍ਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਸਸਤੇ ਮਜ਼ਦੂਰਾਂ ਦੀ ਉਪਲਬਧਤਾ ਵਾਲਾ ਦੌਰ ਬੀਤੇ ਦੀ ਗੱਲ ਹੋ ਚੁੱਕਾ ਹੈ ਅਤੇ ਹੁਣ ਕੈਨੇਡੀਅਨ ਰੁਜ਼ਗਾਰਦਾਤਾਵਾਂ ਨੂੰ ਉਚੀਆਂ ਉਜਰਤ ਦਰਾਂ ’ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਟੈਂਪਰੇਰੀ ਵੀਜ਼ਾ ’ਤੇ ਆਏ ਪਰ ਸਮੇਂ ਸਿਰ ਵਾਪਸੀ ਨਾ ਕਰਨ ਵਾਲਿਆਂ ਨੂੰ ਆਉਂਦੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿਚ ਡਿਪੋਰਟ ਕੀਤਾ ਜਾ ਸਕਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਮੁਲਕ ਵਿਚ ਨਵੇਂ ਸੱਦੇ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ 21 ਫ਼ੀਸਦੀ ਕਟੌਤੀ ਕੀਤੀ ਜਾ ਰਹੀ ਹੈ ਅਤੇ ਟੈਂਪਰੇਰੀ ਰੈਜ਼ੀਡੈਂਟਸ ਦਾ ਦਾਖਲਾ ਵੀ ਵੱਡੇ ਪੱਧਰ ’ਤੇ ਘਟਾਇਆ ਜਾ ਰਿਹਾ ਹੈ। ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਸਮਾਗਮ ਵਿਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਅੱਗੇ ਕਿਹਾ ਕਿ ਰੁਜ਼ਗਾਰਦਾਤਾਵਾਂ ਅਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਦੇਖਣੇ ਹੋਣ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਸ਼੍ਰੇਣੀ ਵਿਚ ਦੇਖੇ ਜਾ ਸਕਦੇ ਹਨ ਜਿਥੇ ਕਿਰਤੀਆਂ ਦਾ ਵੱਡੇ ਪੱਧਰ ’ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਮਾਰਕ ਮਿਲਰ ਨੇ ਦੱਸਿਆ ਕਿ ਨਵੇਂ ਵਰ੍ਹੇ ਵਿਚ ਦਾਖਲ ਹੁੰਦਿਆਂ ਹਾਲਾਤ ਹੋਰ ਬਿਹਤਰ ਹੋਣਗੇ ਅਤੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਗਿਣਤੀ ਹੋਰ ਘਟ ਜਾਵੇਗੀ। ਟੈਂਪਰੇਰੀ ਵੀਜ਼ਾ ’ਤੇ ਆਏ ਲੋਕਾਂ ਦਾ ਜ਼ਿਕਰ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਲੋਕ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਵਾਪਸੀ ਨਹੀਂ ਕਰਦੇ ਅਤੇ ਇਸ ਤਰੀਕੇ ਨਾਲ ਉਹ ਕਾਨੂੰਨ ਤੋੜ ਰਹੇ ਹੁੰਦੇ ਹਨ। ਦੱਸ ਦੇਈਏ ਕਿ ਗਲੋਬਲ ਨਿਊਜ਼ ਵੱਲੋਂ ਪ੍ਰਕਾਸ਼ਤ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਅਪਰਾਧਕ ਸਰਗਰਮੀਆਂ ਵਿਚ ਸ਼ਾਮਲ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਤਾਂ ਜਾਰੀ ਹੋਏ ਪਰ 2018 ਤੱਕ 1,200 ਲੋਕ ਕੈਨੇਡਾ ਵਿਚ ਹੀ ਮੌਜੂਦ ਸਨ। ਉਧਰ ਅਮਰੀਕਾ ਚੋਣਾਂ ਵਿਚ ਡੋਨਾਲਡ ਟਰੰਪ ਦੀ ਜਿੱਤ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਮਾਰਕ ਮਿਲਰ ਨੇ ਕਿਹਾ ਕਿ ਉਹ ਟੌਮ ਹੋਮੈਨ ਨਾਲ ਸਿੱਧੀ ਗੱਲਬਾਤ ਕਰਨਾ ਚਾਹੁਣਗੇ। ਬਿਨਾਂ ਸ਼ੱਕ ਗੱਲਬਾਤ ਰਾਹ ਸੁਖਾਲਾ ਨਹੀਂ ਹੋਵੇਗਾ ਪਰ ਕੈਨੇਡਾ ਉਮੀਦ ਕਰਦਾ ਹੈ ਕਿ ਨਵੀਂ ਅਮਰੀਕੀ ਸਰਕਾਰ ਸੇਫ ਥਰਡ ਕੰਟਰੀ ਐਗਰੀਮੈਂਟ ਦੀ ਪਾਲਣਾ ਯਕੀਨੀ ਬਣਾਵੇਗੀ।

# ਬ੍ਰਿਟਿਸ਼ ਲੇਖਿਕਾ ਸਾਮੰਥਾ ਹਾਰਵੇ ਨੇ ਜਿੱਤਿਆ ਬੁਕਰ ਪੁਰਸਕਾਰ

ਲੰਡਨ : ਬ੍ਰਿਟਿਸ਼ ਲੇਖਿਕਾ ਸਾਮੰਥਾ ਹਾਰਵੇ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ‘ਤੇ ਆਧਾਰਿਤ ਇੱਕ ਛੋਟੇ, ਹੈਰਾਨੀਜਨਕ ਨਾਵਲ “ਔਰਬਿਟਲ” ਲਈ ਮੰਗਲਵਾਰ ਨੂੰ ਗਲਪ ਵਿੱਚ ਬੁਕਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਹਾਰਵੇ ਨੂੰ 64,000 ਅਮਰੀਕੀ ਡਾਲਰ ਦੀ ਇਨਾਮੀ ਰਾਸ਼ੀ ਦਿੱਤੀ ਗਈ। ਉਸਨੇ ਕੋਵਿਡ-19 ਮਹਾਮਾਰੀ ਦੌਰਾਨ ਲਗਾਈ ਗਈ ਤਾਲਾਬੰਦੀ ਦੌਰਾਨ ਇਹ ਨਾਵਲ ਲਿਖਣਾ ਸ਼ੁਰੂ ਕੀਤਾ ਸੀ।




ਪੰਜ ਮੈਂਬਰੀ ਜਿਊਰੀ ਦੀ ਪ੍ਰਧਾਨਗੀ ਕਰਨ ਵਾਲੇ ਲੇਖਕ ਅਤੇ ਕਲਾਕਾਰ ਐਡਮੰਡ ਡੀ ਵਾਲ ਨੇ ਇਸਨੂੰ ਇੱਕ “ਚਮਤਕਾਰੀ ਨਾਵਲ” ਦੱਸਿਆ ਜੋ “ਸਾਡੀ ਦੁਨੀਆ ਨੂੰ ਸਾਡੇ ਲਈ ਹੈਰਾਨੀਜਨਕ ਅਤੇ ਨਵਾਂ ਬਣਾਉਂਦਾ ਹੈ।“ ਹਾਰਵੇ 2020 ਤੋਂ ਬਾਅਦ ਬੁਕਰ ਪੁਰਸਕਾਰ ਜਿੱਤਣ ਵਾਲੀ ਪਹਿਲਾ ਬ੍ਰਿਟਿਸ਼ ਲੇਖਿਕਾ ਹੈ। ਉਹ 2019 ਤੋਂ ਬਾਅਦ ਬੁਕਰ ਪੁਰਸਕਾਰ ਜਿੱਤਣ ਵਾਲੀ ਪਹਿਲੀ ਔਰਤ ਵੀ ਹੈ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਬੁਕਰ ਪੁਰਸਕਾਰ ਦੀ ਸਥਾਪਨਾ 1969 ਵਿੱਚ ਕੀਤੀ ਗਈ ਸੀ ਅਤੇ ਇਹ ਬ੍ਰਿਟੇਨ ਜਾਂ ਆਇਰਲੈਂਡ ਵਿੱਚ ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਨਾਵਲਾਂ ਨੂੰ ਦਿੱਤਾ ਜਾਂਦਾ ਹੈ। ਪਿਛਲੇ ਸਾਲ ਆਇਰਿਸ਼ ਲੇਖਕ ਪਾਲ ਲਿੰਚ ਨੇ ਇਹ ਪੁਰਸਕਾਰ ਜਿੱਤਿਆ ਸੀ।


Rubal Singh
Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com
www.rubalsingh.co.nz
Ray White Manukau | AT Realty Limited Licensed (REAA 2008)


# ਲੇਬਰ ਪਾਰਟੀ ਨੂੰ ਫਿਰ ਮਿਲੀ ਨਿਊਜੀਲੈਂਡ ਵਾਸੀਆਂ ਦੀ ਸੁਪੋਰਟ





ਆਕਲੈਂਡ - ਟੈਕਸ ਪੇਅਰਜ਼ ਯੂਨੀਅਨ ਕੁਰੀਆ ਪੋਲ ਵਲੋਂ ਕਰਵਾਏ ਤਾਜਾ ਸਰਵੇਅ ਵਿੱਚ ਸਾਹਮਣੇ ਆਇਆ ਹੈ ਕਿ ਲੇਬਰ ਪਾਰਟੀ ਨੂੰ ਨਿਊਜੀਲੈਂਡ ਵਾਸੀਆਂ ਦੀ ਸੁਪੋਰਟ ਦੁਬਾਰਾ ਮਿਲਣੀ ਸ਼ੁਰੂ ਹੋ ਗਈ ਹੈ। ਬੀਤੀ ਅਕਤੂਬਰ ਦੇ ਸਰਵੇਖਣ ਦੇ ਮੁਕਾਬਲੇ ਨਵੰਬਰ ਦੇ ਸਰਵੇਖਣ ਵਿੱਚ ਇਹ ਸੁਪੋਰਟ 1.2% ਵੱਧਕੇ 31.5% ਹੋ ਗਈ ਹੈ, ਜੋ ਕਿ ਬੀਤੇ 17 ਮਹੀਨਿਆਂ ਵਿੱਚ ਹਾਸਿਲ ਹੋਈ ਸਭ ਤੋਂ ਵੱਧ ਸੁਪੋਰਟ ਹੈ। ਨੈਸ਼ਨਲ ਪਾਰਟੀ ਨੂੰ ਸਰੇਵਅ ਵਿੱਚ 38.8% ਨਿਊਜੀਲੈਂਡ ਵਾਸੀਆਂ ਨੇ ਸੁਪੋਰਟ ਕੀਤਾ ਹੈ, ਜਦਕਿ ਮਨਪਸੰਦ ਪ੍ਰਧਾਨ ਮੰਤਰੀ ਵਜੋਂ ਕ੍ਰਿਸ ਹਿਪਕਿਨਸ ਤੇ ਕ੍ਰਿਸਟੋਫਰ ਲਕਸਨ ਦੋਨਾਂ ਦੀ ਲੋਕਪ੍ਰਿਯਤਾ ਵਿੱਚ ਕਮੀ ਆਈ ਹੈ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz



ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਬੁਲਾਰੇ ਸਰਦਾਰ ਦਲਜੀਤ ਸਿੰਘ ਵੱਲੋਂ ਪੂਰੇ ਸਿੱਖ ਭਾਈਚਾਰੇ ਅਤੇ ਸਮੂਹ ਨਗਰ ਨਿਵਾਸੀਆਂ ਨੂੰ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਬ ਪ੍ਰਕਾਸ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।






HOUSE OF GOLD & DIAMOND
HOGD
BY GLITTER JEWELLERS
HOUSE OF
GOLD & DIAMOND
Sale on Now
on
All 22ct
Gold Jewellery



24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।
ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।
7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz

GTB
Horticulture Ltd
Our Commitment - Your Relief



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।
Pickup & Drop Off Available
Manpreet Singh Dhaliwal
021 147 1502
Manpreet Singh Batth
020 4057 2327
Email: gtb.horticulture@gmail.com

# ਆਸਟ੍ਰੇਲੀਆ: ਸੰਸਦ ਭਵਨ ਨੇੜੇ ਰੇਪਲੀਕਾ ਬੰਦੂਕ ਨਾਲ ਗੋਲੀਬਾਰੀ, ਜਾਂਚ ਸ਼ੁਰੂ



ਸਿਡਨੀ (ਆਈ.ਏ.ਐੱਨ.ਐਸ.) ਆਸਟ੍ਰੇਲੀਆ ਦੇ ਸਿਡਨੀ ਵਿਚ ਰਾਜ ਦੀ ਸੰਸਦ ਦੀ ਇਮਾਰਤ ਨੇੜੇ ਇਕ ਵਿਅਕਤੀ ਵਲੋਂ ਕਥਿਤ ਤੌਰ 'ਤੇ ਰੇਪਲੀਕਾ ਹਥਿਆਰ ਨਾਲ ਗੋਲੀਬਾਰੀ ਕੀਤੀ ਗਈ। ਫਾਇਰ ਕੀਤੇ ਜਾਣ ਦੇ ਮਾਮਲੇ ਤੋਂ ਬਾਅਦ ਫਿਲਹਾਲ ਪੁਲਸ ਦੀ ਜਾਂਚ ਜਾਰੀ ਹੈ।

ਸਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਨਿਊ ਸਾਊਥ ਵੇਲਜ਼ (ਐਨ.ਐਸ. ਡਬਲਯੂ.) ਰਾਜ ਦੀ ਪੁਲਸ ਨੇ ਦੱਸਿਆ ਕਿ ਵੀਰਵਾਰ ਦੁਪਹਿਰ ਸਥਾਨਕ ਸਮੇਂ ਦੁਪਹਿਰ 1 ਵਜੇ ਤੋਂ ਥੋੜ੍ਹੀ ਦੇਰ ਬਾਅਦ ਇੱਕ ਵਿਅਕਤੀ ਨੂੰ ਮੱਧ ਸਿਡਨੀ ਵਿੱਚ ਸੰਸਦ ਭਵਨ ਨੇੜੇ ਜ਼ਮੀਨ ਵਿੱਚ ਇੱਕ ਪ੍ਰਤੀਕ੍ਰਿਤੀ ਹਥਿਆਰ ਨਾਲ ਫਾਇਰ ਕਰਦੇ ਦੇਖਿਆ ਗਿਆ। ਇੱਕ ਬਿਆਨ ਵਿੱਚ NSW ਪੁਲਸ ਨੇ ਕਿਹਾ ਕਿ ਸ਼ੁਰੂਆਤੀ ਪੁੱਛਗਿੱਛ ਵਿਚ ਪਤਾ ਚੱਲਿਆ ਹੈ ਕਿ ਹਥਿਆਰ ਇੱਕ ਜੈੱਲ ਬਲਾਸਟਰ ਹੋ ਸਕਦਾ ਹੈ - ਇੱਕ ਕਿਸਮ ਦਾ ਅਸਲੀ ਬੰਦੂਕ ਖਿਡੌਣਾ ਜੋ ਜੈੱਲ ਦੀਆਂ ਗੋਲੀਆਂ ਮਾਰਦਾ ਹੈ। ਜੈੱਲ ਬਲਾਸਟਰ ਵਰਤਮਾਨ ਵਿੱਚ NSW ਵਿੱਚ ਗੈਰ-ਕਾਨੂੰਨੀ ਹਨ।

ਪੁਲਸ ਨੇ ਕਿਹਾ ਕਿ ਅਫਸਰਾਂ ਦੇ ਪਹੁੰਚਣ ਤੋਂ ਪਹਿਲਾਂ ਵਿਅਕਤੀ ਇੱਕ ਵਾਹਨ ਵਿੱਚ ਬੈਠ ਕੇ ਮੌਕੇ ਤੋਂ ਚਲਾ ਗਿਆ। ਫਿਲਹਾਲ ਕਿਸੇ ਦੇ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ। ਮੌਕੇ 'ਤੇ ਇੱਕ ਅਪਰਾਧ ਸੀਨ ਸਥਾਪਿਤ ਕੀਤਾ ਗਿਆ ਹੈ। ਪੁਲਸ ਨੇ ਘਟਨਾ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਗਵਾਹ ਜਾਂ ਕਿਸੇ ਵੀ ਵਿਅਕਤੀ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

# ਮੋਦੀ ਨੇ ਸੰਵਿਧਾਨ ਕਦੇ ਪੜ੍ਹਿਆ ਹੀ ਨਹੀਂ : ਰਾਹੁਲ

ਨੰਦੂਰਬਾਰ - ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੱਗਦਾ ਹੈ ਕਿ ਸੰਵਿਧਾਨ ਦੀ 'ਲਾਲ ਕਿਤਾਬ' ਕੋਰੀ ਹੈ, ਕਿਉਂਕਿ ਉਨ੍ਹਾਂ ਨੇ (ਮੋਦੀ ਨੇ) ਇਸ ਨੂੰ ਕਦੇ ਪੜ੍ਹਿਆ ਹੀ ਨਹੀਂ ਹੈ। ਗਾਂਧੀ ਨੇ ਮਹਾਰਾਸ਼ਟਰ ਦੇ ਨੰਦੂਰਬਾਰ 'ਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਵਿਧਾਨ 'ਚ ਭਾਰਤ ਦੀ ਆਤਮਾ ਅਤੇ ਬਿਰਸਾ ਮੁੰਡਾ, ਡਾ. ਬੀ. ਆਰ. ਅੰਬੇਡਕਰ ਅਤੇ ਮਹਾਤਮਾ ਗਾਂਧੀ ਵਰਗੇ 'ਰਾਸ਼ਟਰ ਨਾਇਕਾਂ' ਵੱਲੋਂ ਕਲਪਨਾ ਕੀਤੇ ਸਿੱਧਾਂਤ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਭਾਜਪਾ ਨੂੰ ਕਿਤਾਬ ਦੇ ਲਾਲ ਰੰਗ 'ਤੇ ਇਤਰਾਜ਼ ਹੈ (ਜਿਸ ਨੂੰ ਗਾਂਧੀ ਰੈਲੀਆਂ 'ਚ ਵਿਖਾਉਂਦੇ ਰਹੇ ਹਨ) ਪਰ ਸਾਡੇ ਲਈ, ਰੰਗ ਭਾਵੇਂ ਕੋਈ ਵੀ ਹੋਵੇ, ਅਸੀਂ ਇਸ ਨੂੰ (ਸੰਵਿਧਾਨ ਨੂੰ) ਬਚਾਉਣ ਲਈ ਵਚਨਬੱਧ ਹਾਂ ਅਤੇ ਆਪਣੀ ਜਾਨ ਦੇਣ ਲਈ ਵੀ ਤਿਆਰ ਹਾਂ। ਮੋਦੀ ਜੀ ਨੂੰ ਲੱਗਦਾ ਹੈ ਕਿ ਸੰਵਿਧਾਨ ਦੀ ਕਿਤਾਬ ਕੋਰੀ ਹੈ, ਕਿਉਂਕਿ ਉਨ੍ਹਾਂ ਨੇ ਇਸ ਨੂੰ ਕਦੇ ਆਪਣੀ ਜ਼ਿੰਦਗੀ 'ਚ ਪੜ੍ਹਿਆ ਹੀ ਨਹੀਂ ਹੈ।

ਉਨ੍ਹਾਂ ਕਿਹਾ, ''ਪਰ ਮੋਦੀ ਜੀ, ਇਹ ਸੰਵਿਧਾਨ ਦੀ ਕਿਤਾਬ ਕੋਰੀ ਨਹੀਂ ਹੈ। ਇਸ 'ਚ ਭਾਰਤ ਦੀ ਆਤਮਾ ਅਤੇ ਗਿਆਨ ਹੈ। ਇਸ 'ਚ ਬਿਰਸਾ ਮੁੰਡਾ, ਬੁੱਧ, ਮਹਾਤਮਾ ਫੂਲੇ, ਡਾ. ਅੰਬੇਡਕਰ, ਮਹਾਤਮਾ ਗਾਂਧੀ ਵਰਗੇ 'ਰਾਸ਼ਟਰ ਨਾਇਕਾਂ' ਦੇ ਸਿੱਧਾਂਤ ਸ਼ਾਮਲ ਹਨ। ਜੇ ਤੁਸੀਂ ਕਿਤਾਬ ਨੂੰ ਕੋਰੀ ਕਹਿੰਦੇ ਹੋ, ਤਾਂ ਤੁਸੀਂ ਇਨ੍ਹਾਂ ਨਾਇਕਾਂ ਦਾ ਅਪਮਾਨ ਕਰਦੇ ਹੋ।''

ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਗਾਂਧੀ ਨੇ ਕਿਹਾ ਕਿ ਕਾਂਗਰਸ ਚਾਹੁੰਦੀ ਹੈ ਕਿ ਆਦਿਵਾਸੀਆਂ, ਦਲਿਤਾਂ ਅਤੇ ਪੱਛੜੇ ਵਰਗਾਂ ਨੂੰ ਫ਼ੈਸਲਾ ਲੈਣ 'ਚ ਨੁਮਾਇੰਦਗੀ ਮਿਲੇ। ਭਾਜਪਾ ਨੇਤਾਵਾਂ ਨੇ 20 ਨਵੰਬਰ ਨੂੰ ਹੋਣ ਵਾਲੀਆਂ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਲਈ ਆਪਣੀ ਮੁਹਿੰਮ 'ਚ ਗਾਂਧੀ ਵੱਲੋਂ ਵਿਖਾਈ ਜਾ ਰਹੀ 'ਲਾਲ ਕਿਤਾਬ' ਨੂੰ 'ਸ਼ਹਿਰੀ ਨਕਸਲਵਾਦ' ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ।

ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਅਜਿਹੀਆਂ ਟਿੱਪਣੀਆਂ ਕਰ ਕੇ 'ਰਾਸ਼ਟਰ ਨਾਇਕਾਂ' ਦਾ ਅਪਮਾਨ ਕਰ ਰਹੇ ਹਨ।

ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਆਦਿਵਾਸੀਆਂ ਨੂੰ ਆਦਿਵਾਸੀ ਦੀ ਬਜਾਏ 'ਬਨਵਾਸੀ' ਕਹਿ ਕੇ ਉਨ੍ਹਾਂ ਦਾ ਅਪਮਾਨ ਕਰਦੇ ਹਨ।

ਰਾਹੁਲ ਨੇ ਕਿਹਾ ਕਿ ਆਦਿਵਾਸੀ ਦੇਸ਼ ਦੇ ਪਹਿਲੇ ਮਾਲਕ ਹਨ ਅਤੇ ਜਲ, ਜੰਗਲ ਅਤੇ ਜ਼ਮੀਨ 'ਤੇ ਪਹਿਲਾ ਅਧਿਕਾਰ ਉਨ੍ਹਾਂ ਦਾ ਹੈ ਪਰ ਭਾਜਪਾ ਚਾਹੁੰਦੀ ਹੈ ਕਿ ਆਦਿਵਾਸੀ ਜੰਗਲਾਂ 'ਚ ਹੀ ਰਹਿਣ, ਉਨ੍ਹਾਂ ਕੋਲ ਕੋਈ ਅਧਿਕਾਰ ਨਾ ਹੋਵੇ। ਬਿਰਸਾ ਮੁੰਡਾ ਨੇ ਇਸ ਦੇ ਲਈ ਲੜਾਈ ਲੜੀ ਸੀ ਅਤੇ ਆਪਣਾ ਬਲੀਦਾਨ ਦਿੱਤਾ ਸੀ।

ਵਿਰੋਧੀ ਗੱਠਜੋੜ ਮਹਾਵਿਕਾਸ ਆਘਾੜੀ (ਐੱਮ. ਵੀ. ਏ.) ਦੇ ਐਲਾਨਪੱਤਰ ਦਾ ਹਵਾਲਾ ਦਿੰਦੇ ਹੋਏ ਗਾਂਧੀ ਨੇ ਕਿਹਾ ਕਿ ਔਰਤਾਂ, ਕਿਸਾਨਾਂ ਅਤੇ ਨੌਜਵਾਨਾਂ ਨੂੰ 3,000 ਰੁਪਏ ਮਹੀਨਾ ਸਹਾਇਤਾ ਅਤੇ ਮੁਫਤ ਬੱਸ ਯਾਤਰਾ, 3 ਲੱਖ ਰੁਪਏ ਤੱਕ ਦੇ ਖੇਤੀਬਾੜੀ ਕਰਜ਼ਾ ਮੁਆਫੀ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ 4,000 ਰੁਪਏ ਪ੍ਰਤੀ ਮਹੀਨਾ ਸਹਾਇਤਾ ਵਰਗੀਆਂ ਵਿਵਸਥਾਵਾਂ ਨਾਲ ਸੁਰੱਖਿਅਤ ਕੀਤਾ ਜਾਵੇਗਾ।

Mehak E wattan
Fortnightly Newspaper
•Issue-11 • November 2024
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

(ਪਿਛਲੇ ਅੰਕ ਤੋਂ ਅੱਗੇ)

ਤੁਸੀਂ ਪੰਥਕ ਜੀਵਨ ਵਿੱਚ ਦ੍ਰਿਸ਼ਟਮਾਨ ਜੀਵਨ ਤੋਂ ਮਰਕੇ ਜੀਵਨ ਦੀ ਕਰੜੀ ਸੇਵਾ ਵਾਲੀਆਂ ਘਾਲਾਂ ਘਾਲਦੇ ਹੋਏ ਭੀ 'ਨਹੰਗ'[1] ਹੋ, ਮਾਨ ਰਹਿਤ ਹੋ, ਹੰਕਾਰ ਰਹਿਤ ਹੋ, ਤੁਹਾਡਾ ਨਾਮ 'ਸ਼ਹੀਦ' ਹੈ, ਤੁਸੀਂ ਜੀਂਵਦੇ ਸ਼ਹੀਦ ਹੋ, ਤੁਸੀ ਮਰਨ ਦੇ ਡਰ ਤੋਂ ਨਿਡਰ ਹੋ ਚੁੱਕੇ ਸ਼ਹੀਦ ਹੋ। ਤੁਸੀ ਸਮੇਂ ਪੁਰ ਹੀ ਸ਼ਹੀਦੀ ਪ੍ਰਾਪਤ ਨਹੀਂ ਕਰਦੇ, ਬਲਕਿ ਜਦੋਂ ਤੋਂ ਅਕਾਲੀ ਬਾਣਾ ਧਾਰਦੇ ਹੋ, ਉਸੇ ਦਿਨ ਤੋਂ ਧੜ ਤੇ ਸਿਰ ਦੀ ਬਾਜ਼ੀ ਲਾ ਕੇ ਇਸ ਦੇ ਖੇਡਣ ਦੀ ਉਡੀਕ ਵਿੱਚ ਰਹਿੰਦੇ ਹੋ!

ਹਾਂ, ਪਿਆਰੇ ਬੀਰੋ! ਦੇਖੋ, ਤੁਹਾਡੇ ਬਜ਼ੁਰਗ ਆਪਣੇ ਧਰਮ ਵਿੱਚ ਕਿਸ ਤਰ੍ਹਾਂ ਪੂਰਨ ਨਿਤਰੇ ਤੇ ਕਿਸ ਤਰ੍ਹਾਂ ਨਿਡਰ ਤੇ ਬੇਗ਼ਰਜ ਹੋ ਕੇ ਧਰਮ ਮਰਯਾਦਾ ਪਾਲਣ, ਗੁਰ-ਅਸਥਾਨਾਂ ਦੀ ਰਾਖੀ ਤੇ ਧਰਮ ਦੀ ਲਾਜ ਰੱਖਣ ਵਿੱਚ ਤਤਪਰ ਰਹੇ? ਭੰਗ ਪੀ ਕੇ ਲੋਰੇ ਦੀ ਮਸਤੀ 'ਨਿਹੰਗ' ਨਹੀਂ ਬਣਾ ਦਿੰਦੀ, ਨਿਰਾ ਕਾਲਾ ਬਾਣਾ, ਚੱਕਰ, ਤੋੜੇ, ਸ਼ਸਤਰ ਬਸਤ੍ਰ ਪਹਿਨਣ ਨਾਲ ਅਕਾਲੀ ਨਹੀਂ ਹੋ ਸਕੀਦਾ ਤੇ ਸ਼ਹੀਦੀ ਦੇਗਾਂ ਦੇ ਚੜ੍ਹਾਵੇ ਲੈਣ ਨਾਲ ਭੀ ਸ਼ਹੀਦੀ ਨਹੀਂ ਮਿਲ ਪੈਂਦੀ, ਸਗੋਂ ਇਹ ਸਭ ਉਲਟੇ ਹੋ ਢੁੱਕਦੇ ਹਨ, ਜਦੋਂ ਤੱਕ ਸੇਵਾ ਦੀ ਕਰੜੀ ਘਾਲ ਦਾ ਚਾਉ, ਕੌਮ ਦੀ ਰਾਖੀ ਦੀ ਬੇਗ਼ਰਜ਼ ਉਮੰਗ, ਤੇ ਬੇ-ਰੋਰਿਆਇਤ, ਧਾਰਮਿਕ ਉਤਸ਼ਾਹ, ਉੱਚਾ ਪਵਿੱਤ੍ਰ ਤੇ ਅਸੰਗ ਆਤਮ ਜੀਵਨ ਅਰ ਭਰਾਤ੍ਰੀ ਭਾਵ ਦਿਲ ਵਿਚ ਠਾਠਾਂ ਨਾ ਮਾਰੇ। ਤੁਸੀਂ ਕਮਜ਼ੋਰਾਂ ਵਿੱਚ ਜ਼ੋਰ ਭਰਦੇ, ਲੁੰਡੀ ਬੁੱਚੀ ਨੂੰ ਸੋਧਦੇ ਤੇ ਪੰਥ ਘਾਤਕਾਂ ਦੀਆਂ ਚਾਲਾਂ ਤੋਂ ਪੰਥ ਘਾਤਕਾਂ ਦੀਆਂ ਚਾਲਾਂ ਤੋਂ ਪੰਥ ਅਰ ਆਗੂਆਂ ਨੂੰ ਨਿਰਭਉ ਹੋ ਕੇ ਖ਼ਬਰਦਾਰ ਕਰਦੇ ਸਾਓ। ਤੁਹਾਡਾ ਪਿੱਛਾ (ਬਜ਼ੁਰਗ) ਪੂਰਾ ਬੇਖ਼ਤਰ, ਮਾਨਯੋਗ ਤੇ ਮਹਾਂ ਬਲੀ ਸੀ। ਤੁਹਾਡਾ ਜੀਵਨ ਹੋਰ ਸਿੱਖਾਂ ਲਈ ਜੀਵਨ-ਗੱਡੀ ਦੀ ਲੀਹ ਤੇ ਤੁਹਾਡਾ ਕਰਤੱਵਯ ਸੰਗਤਾਂ ਨਮੂਨਾ ਹੋਇਆ ਕਰਦੇ ਸਨ। ਆਗੂ ਵੀ ਕੁਰੀਤਾਂ ਤੇ ਕੁਚਾਲਾਂ ਤੋਂ ਤੁਹਾਡੀ ਪਵਿੱਤ੍ਰਤਾ, ਸਮਵਰਤਨ ਤੇ ਸੋਧ ਦੇ ਡਰ ਕਰਕੇ ਚੁਕੰਨੇ ਰਿਹਾ ਕਰਦੇ ਸਨ, ਪਰ ਪਿਆਰੇ ਸ਼ਹੀਦ ਬੀਰੋ! ਅੱਜ ਦੇ ਸਮੇਂ ਦਾ ਤੁਹਾਡਾ ਕੌਮੀ ਜੀਵਨ; ਤੁਹਾਡੇ ਪਿੱਛੇ ਲਈ ਬਦ-ਨਮੋਸ਼ੀ ਦਾ ਕਾਰਨ ਰਿਹਾ ਹੈ। ਭਾਵੇਂ ਇਹ ਸੱਚੀ ਲਿਖਤ ਤੁਹਾਨੂੰ ਕੌੜੀ ਲੱਗੇ, ਪਰੰਤੂ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਤੁਹਾਡੇ ਵਿਚੋਂ ਕੌਮੀ ਅਣਖ ਵਾਲੇ ਸੱਚੇ ਅਕਾਲੀ ਮੇਰੀ ਇਸ ਬੇਨਤੀ ਨੂੰ ਤੁਹਾਡੀ ਤੇ ਕੌਮ ਦੀ ਭਲਾਈ ਦਾ ਕਾਰਣ ਸਮਝਕੇ ਆਦਰ ਨਾਲ ਪੜ੍ਹਨਗੇ। ਅੱਠੇ ਪਹਿਰ ਭੰਗ ਤੇ ਤ੍ਰੰਗ ਵਿੱਚ ਗਲਤਾਨ ਰਹਿ ਕੇ ਗੁਰਦਵਾਰਿਆਂ ਤੇ ਪਵਿੱਤਰ ਗੁਰ ਅਸਥਾਨਾਂ ਨੂੰ ਭੰਗ ਦੇ ਅੱਡੇ ਬਣਾ ਦੇਣਾ 'ਅਕਾਲੀ' ਜੀਵਨ ਨੂੰ ਵੱਟਾ ਹੈ। ਲੰਮੇ-ਲੰਮੇ ਦੁਮਾਲੇ ਤੇ ਚੱਕ੍ਰ ਤੋੜੇ ਸਜਾ ਕੇ ਹੱਟੀ ਹੱਟੀ ਮੰਗਦੇ ਫਿਰਨਾ ਤੁਹਾਡੀ ਸ਼ਾਨ ਨੂੰ ਨਹੀਂ ਸੋਭਦਾ। ਇੱਥੋ ਤੱਕ ਤੁਹਾਡੇ ਜੀਵਨ ਨੇ ਹੇਠਾਂ ਵੱਲ ਰੁਖ਼ ਕੀਤਾ ਹੈ ਕਿ ਅੱਜ ਅਨਮਤੀ ਲੋਗ ਤੁਹਾਡੇ ਦੇਸ਼ ਰੱਖਯਕ ਬੀਰਾਂ ਦੇ ਸਰੂਪਾਂ ਨੂੰ ਹੋਲੀਆਂ, ਦੁਸ਼ਹਿਰੇ ਆਦਿਕ ਸਮਿਆਂ ਪਰ ਸਵਾਂਗ ਉੱਤਾਰਕੇ ਹਾਸੋਹੀਣਾ ਕਰਦੇ ਹਨ, ਪਰ ਤੁਸੀਂ ਕੌਮੀ ਅਣਖ ਨਾਲ ਆਪਣੇ ਜੀਵਨ ਨੂੰ ਪਿਛਲੇ ਰੰਗ ਦੀ ਰੰਗਣ ਨਹੀਂ ਚਾੜ੍ਹਦੇ। ਜੇ ਕੌਮ ਘੂਕ ਸੌਂ ਰਹੀ ਹੈ, ਤਾਂ ਇਸ ਦਾ ਦੋਸ਼ ਤੁਹਾਡੇ ਸਿਰ ਹੈ, ਜੇ ਪੰਥਕ-ਸ਼ੁੱਧ ਨਿਯਮ ਲੋਪ ਹੋ ਰਹੇ ਹਨ, ਤਾਂ ਇਸ ਦਾ ਭਾਰ ਤੁਹਾਡੀ ਗਰਦਨ 'ਤੇ ਹੈ, ਜੇ ਪੰਥ ਅਤੇ ਗੁਰਦੁਆਰਿਆਂ ਵਿਚ ਕੁਰੀਤੀਆਂ ਵੱਧ ਰਹੀਆਂ ਹਨ ਤਾਂ ਇਸਦੇ ਜ਼ਿੰਮੇਵਾਰ ਤੁਸੀਂ ਆਪ ਹੋ, ਪਰ ਤੁਸੀਂ ਹੋਰਨਾਂ ਨੂੰ ਕਿਸ ਤਰ੍ਹਾਂ ਸੋਧੋ, ਜਦੋਂ ਕਿ ਤੁਸੀ ਆਪ ਸੋਧਣ ਯੋਗ ਬਣ ਚੁੱਕੇ ਹੋ? ਭੰਗ ਛੱਡ ਕੇ ਨਾਮ ਦੀ ਸਦੀਵੀ ਤੇ ਸੱਚੀ ਖ਼ੁਮਾਰੀ ਨਾਲ ਮਨ ਨੂੰ 'ਅਲਮਸਤ' ਕਰੋ ਤੇ ਗੁਰਦੁਆਰਿਆਂ ਵਿੱਚੋਂ ਭੰਗ ਤੇ ਡੰਡੇ ਕੂੰਡੇ ਹਟਾ ਕੇ ਸਾਵਧਾਨ ਹੋਵੋ। ਨਾਮ,



ਗੁਰਬਾਣੀ ਤੇ ਕੀਰਤਨ ਦਾ ਅਖੰਡ ਪ੍ਰਵਾਹ ਚਲਾਓ ਤੇ ਕੌਮ ਨੂੰ ਸੱਚੀ ਸਿੱਖੀ ਦੇ ਮਾਰਗ ਪਰ ਤੋਰੋ। ਮੈਤ੍ਰੀ, ਆਤਮ ਰਸ, ਸੱਚੀ ਸਿੱਖੀ ਦਾ ਪ੍ਰਚਾਰ ਕਰੋ, ਨਹੀਂ ਤਾਂ ਕਲਗੀਆਂ ਵਾਲਾ ਭਲੀ ਭਾਂਤ ਤੁਹਾਡੇ ਪਾਸੋਂ ਜਵਾਬ ਮੰਗੂ।

ਜੇ ਮੇਰੀ ਇਸ ਬੇਨਤੀ ਨੂੰ ਪੜ੍ਹ ਸੁਣਕੇ ਪੰਥ ਮੁੜ ਅਕਾਲੀ ਨਾਮ ਦੀ ਪਵਿੱਤ੍ਰਤਾ ਨੂੰ ਸੁਰਜੀਤ ਕਰ ਦੇਵੇ ਤਾਂ ਮੈਂ ਆਪਣੀ ਇਸ ਤੁੱਛ ਸੇਵਾ ਨੂੰ ਸਫਲ ਸਮਝਕੇ ਕ੍ਰਿਤਗ ਕ੍ਰਿਤਗ ਹੋ ਜਾਵਾਂਗਾ।

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ॥
ਸ੍ਰੀ ਵਾਹਿਗੁਰੂ ਜੀ ਕਾ ਫ਼ਤਹ ॥
॥ਇਤਿ॥

✪✪✪

1 ਨਿਹੰਗ ਨੀਲਾ ਬਾਣਾ ਪਹਿਨਦੇ ਅਤੇ ਹਥਿਆਰ ਕੋਲ ਸਜਾ ਕੇ ਰੱਖਦੇ ਹਨ। ਕਿਹਾ ਜਾਂਦਾ ਹੈ ਕਿ ਛੋਟੇ ਸਾਹਿਬਜਾਦੇ ਬਾਬਾ ਫਤਿਹ ਸਿੰਘ ਦੇ ਪਹਿਨਿਆ ਬਾਣਾ ਦੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਇੰਨਾਂ ਸੁੰਦਰ ਲੱਗਾ ਕਿ ਉਹਨਾਂ ਨੇ ਇਹ ਬਾਬਾ ਨਿਹੰਗ ਅਕਾਲੀਆਂ ਲਈ ਪੱਕਾ ਕਰ ਦਿੱਤਾ। ਇਸ ਤਰ੍ਹਾਂ ਹੀ ਪਿੰਡ ਢਿੱਲਵਾਂ ਵਿੱਚ ਗੁਰੂ ਜੀ ਨੇ ਚਿੱਟੇ ਬਸਤਰ ਪਹਿਣ ਕੇ ਨੀਲੇ ਬਸਤਰ ਜੋ ਉਤਾਰੇ ਸਨ, ਸਾੜ ਦਿੱਤੇ। ਜਦ ਇੱਕ ਨੀਲੀ ਲੀਰ ਰਹਿ ਗਈ ਤਾਂ ਭਾਈ ਮਾਨ ਸਿੰਘ ਮੰਗ ਕੇ ਲੈ ਲਈ ਤੇ ਸਿਰ ਤੇ ਸਜਾ ਲਈ। ਨਿਹੰਗ ਨੀਲੇ ਫਰਲੇ ਦਾ ਰੰਗ ਇੱਥੋਂ ਹੀ ਮੰਨਦੇ ਹਨ। (ਸੰਪਾਦਕ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



**Harcourts Topline**

Licensed Agent REAA 2008

Your home is One of your most valuable *asset*

We are a complete **One stop shop** for all your Real Estate needs

We offer the following services:

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call **The Topline TEAM***
*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।



Hardev Brar
M: 027 442 7338
E: Hardev.brar@harcourts.co.nz



Mehul Mody
M: 021 990 080
E: mehul.mody@harcourts.co.nz

M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland

**DH SUPERMARKET**



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।

| PAPATOETOE | FLATBUSH | PAPAKURA |
| --- | --- | --- |
| 141 Kolmar Road, Paptoetoe | 46 Ormiston Road, East Tamaki | 38 O Shannessey Street, Papakura |



# SPARKELS
## JEWELLERS

SPARKLE YOUR LIFE WITH SPARKLE JAWELLER

- We Buy Gold Diamond & Coins
- 22kt., 9kt, 18kt & Diamond Jewellery
- Jewellery Valuation
- Jewellery Repairing
- Lucky Stones



208, Great South Road Papatoetoe
**Ph: 0800 030377**

CALL: G S HAPPY
DDI 093901041



ਗੁਰੂ ਨਾਨਕ ਦੇਵ ਜੀ ਗੁਰਪੁਰਬ , ਜਿਸ ਨੂੰ ਗੁਰੂ ਨਾਨਕ ਦੇ ਪ੍ਰਕਾਸ਼ ਉਤਸਵ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਿਨ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਸਭ ਤੋਂ ਮਸ਼ਹੂਰ ਸਿੱਖ ਗੁਰੂਆਂ ਵਿੱਚੋਂ ਇੱਕ ਅਤੇ ਸਿੱਖ ਧਰਮ ਦੇ ਸੰਸਥਾਪਕ ਹੋਏ ਹਨ। ਗੁਰੂ ਨਾਨਕ ਦੇਵ ਜੀ ਨੂੰ ਸਿੱਖ ਕੌਮ ਦੁਆਰਾ ਬਹੁਤ ਸਤਿਕਾਰਿਆ ਜਾਂਦਾ ਹੈ। ਇਹ ਸਿੱਖ ਧਰਮ, ਜਾਂ ਸਿੱਖੀ ਵਿੱਚ ਸਭ ਤੋਂ ਪਵਿੱਤਰ ਤਿਉਹਾਰਾਂ ਵਿੱਚੋਂ ਇੱਕ ਹੈ। ਸਿੱਖ ਧਰਮ ਵਿੱਚ ਤਿਉਹਾਰ 10 ਸਿੱਖ ਗੁਰੂਆਂ ਦੀ ਬਰਸੀ ਦੇ ਦੁਆਲੇ ਘੁੰਮਦੇ ਹਨ। ਇਹ ਗੁਰੂ ਸਾਹਿਬਾਨ ਸਿੱਖਾਂ ਦੇ ਵਿਸ਼ਵਾਸਾਂ ਨੂੰ ਰੂਪ ਦੇਣ ਲਈ ਜ਼ਿੰਮੇਵਾਰ ਸਨ। ਉਹਨਾਂ ਦੇ ਜਨਮ ਦਿਨ, ਗੁਰਪੁਰਬ ਵਜੋਂ ਜਾਣੇ ਜਾਂਦੇ ਹਨ। ਇਹ ਸਿੱਖਾਂ ਵਿੱਚ ਜਸ਼ਨ ਅਤੇ ਪ੍ਰਾਰਥਨਾ ਦੇ ਮੌਕੇ ਹਨ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਵਿੱਚ ਕੱਤਕ ਦੀ ਪੂਰਨਮਾਸ਼ੀ ਨੂੰ, ਬਿਕਰਮੀ ਕੈਲੰਡਰ ਅਨੁਸਾਰ, ਪਾਕਿਸਤਾਨ ਦੇ ਮੌਜੂਦਾ ਸ਼ੇਖੂਪੁਰਾ ਜ਼ਿਲ੍ਹਾ, ਹੁਣ ਨਨਕਾਣਾ ਸਾਹਿਬ ਵਿੱਚ ਰਾਏ-ਭੋਇ-ਦੀ ਤਲਵੰਡੀ ਵਿੱਚ ਹੋਇਆ ਸੀ। ਇਹ ਭਾਰਤ ਵਿੱਚ ਇੱਕ ਗਜ਼ਟਿਡ ਛੁੱਟੀ ਹੈ। ਵਿਵਾਦਗ੍ਰਸਤ ਭਾਈ ਬਾਲਾ ਜਨਮਸਾਖੀ ਦੇ ਅਨੁਸਾਰ, ਇਹ ਦਾਅਵਾ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਭਾਰਤੀ ਚੰਦਰਮਾਸ ਕਾਰਤਿਕ ਦੀ ਪੂਰਨਮਾਸ਼ੀ (ਪੂਰਨਮਾਸ਼ੀ) ਨੂੰ ਹੋਇਆ ਸੀ। ਸਿੱਖ ਇਸੇ ਕਾਰਨ ਨਵੰਬਰ ਦੇ ਆਸ-ਪਾਸ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਂਦੇ ਆ ਰਹੇ ਹਨ ਅਤੇ ਕੀ ਇਹ ਸਿੱਖ ਪਰੰਪਰਾਵਾਂ ਵਿੱਚ ਸ਼ਾਮਲ ਹੋ ਗਿਆ ਹੈ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 14 ਅਪ੍ਰੈਲ ਨੂੰ ਆਉਂਦਾ ਹੈ। ਹਾਲਾਂਕਿ, ਬਹੁਤ ਸਾਰੇ ਲੋਕ ਅਤੇ ਸੰਗਠਨ ਚੰਦਰਮਾ ਦੇ ਮਹੀਨੇ ਕਾਰਤਿਕ ਦੀ ਪੂਰਨਮਾਸ਼ੀ ਦਿਵਸ (ਪੂਰਨਮਾਸ਼ੀ ਜਾਂ ਪੂਰਨਿਮਾ) ਨੂੰ ਮਨਾ ਕੇ ਰਵਾਇਤੀ ਤਾਰੀਖ ਨੂੰ ਰੱਖਣਾ ਚਾਹੁੰਦੇ ਹਨ। ਮੂਲ ਨਾਨਕਸ਼ਾਹੀ ਕੈਲੰਡਰ ਪਰੰਪਰਾ ਦੀ ਪਾਲਣਾ ਕਰਦਾ ਹੈ ਅਤੇ ਵੱਖ-ਵੱਖ ਸਿੱਖ ਸੰਤਾਂ ਦੀਆਂ ਮੰਗਾਂ ਦੇ ਕਾਰਨ ਕਾਰਤਿਕ ਪੂਰਨਿਮਾ 'ਤੇ ਇਸ ਨੂੰ ਮਨਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦਿੱਤਾ ਕਿ ਕੋਈ ਵੀ ਵਿਅਕਤੀ ਸ਼ੁੱਧ ਜ਼ਮੀਰ ਨਾਲ ਭਗਤੀ ਕਰਕੇ ਪਰਮਾਤਮਾ ਨਾਲ ਜੁੜ ਸਕਦਾ ਹੈ। ਉਨ੍ਹਾਂ ਨੇ ਜਾਨਵਰਾਂ ਦੀ ਬਲੀ ਵਰਗੀਆਂ ਰਸਮਾਂ ਦੀ ਮਨਾਹੀ ਕੀਤੀ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਇਹ ਤਿਉਹਾਰ ਆਮ ਤੌਰ 'ਤੇ ਸਾਰੇ ਸਿੱਖਾਂ ਲਈ ਸਮਾਨ ਹੈ, ਸਿਰਫ਼ ਭਜਨ ਹੀ ਵੱਖਰੇ ਹਨ। ਗੁਰਪੁਰਬ ਜਸ਼ਨ ਆਮ ਤੌਰ 'ਤੇ ਪ੍ਰਭਾਤ ਫੇਰੀ ਨਾਲ ਸ਼ੁਰੂ ਹੁੰਦੇ ਹਨ। ਪ੍ਰਭਾਤ ਫੇਰੀਆਂ ਸਵੇਰੇ-ਸਵੇਰੇ ਜਲੂਸ ਹੁੰਦੇ ਹਨ ਜੋ ਗੁਰਦੁਆਰਿਆਂ ਤੋਂ ਸ਼ੁਰੂ ਹੁੰਦੇ ਹਨ ਅਤੇ ਭਜਨ ਗਾਇਨ ਕਰਦੇ ਹੋਏ ਇਲਾਕਿਆਂ ਦੇ ਆਲੇ-ਦੁਆਲੇ ਅੱਗੇ ਵਧਦੇ ਹਨ। ਆਮ ਤੌਰ 'ਤੇ, ਦੋ ਦਿਨ ਜਨਮ ਦਿਨ ਦੇ ਅੱਗੇ, ਅਖੰਡ ਪਾਠ (ਸਿੱਖਾਂ ਦੀ ਪਵਿੱਤਰ ਕਿਤਾਬ ਗੁਰੂ ਗ੍ਰੰਥ ਸਾਹਿਬ ਦਾ ਅਠਤਲੀ ਘੰਟੇ ਬਿਨ੍ਹਾਂ ਰੁਕੇ ਪੜ੍ਹਨ) ਗੁਰਦੁਆਰੇ ਵਿਚ ਆਯੋਜਿਤ ਕੀਤਾ ਗਿਆ ਹੈ। ਜਨਮ ਦਿਨ ਤੋਂ ਇੱਕ ਦਿਨ ਪਹਿਲਾਂ, ਇੱਕ ਜਲੂਸ, ਜਿਸ ਨੂੰ ਨਗਰਕੀਰਤਨ ਕਿਹਾ ਜਾਂਦਾ ਹੈ, ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਜਲੂਸ ਦੀ ਅਗਵਾਈ ਪੰਜ ਪਿਆਰਿਆਂ (ਪੰਜ ਪਿਆਰੇ) ਵੱਲੋਂ ਕੀਤੀ ਜਾਂਦੀ ਹੈ। ਉਹ ਨਿਸ਼ਾਨ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ (ਪਾਲਕੀ ਸਾਹਿਬ) ਵਜੋਂ ਜਾਣੇ ਜਾਂਦੇ ਸਿੱਖ ਝੰਡੇ ਨੂੰ ਲੈ ਕੇ ਜਲੂਸ ਦੀ ਅਗਵਾਈ ਕਰਦੇ ਹਨ। ਉਹਨਾਂ ਤੋਂ ਬਾਅਦ ਗਾਇਕਾਂ ਦੀਆਂ ਟੀਮਾਂ ਭਜਨ ਗਾਉਂਦੀਆਂ ਹਨ ਅਤੇ ਸ਼ਰਧਾਲੂ ਸੰਗਤ ਉਨ੍ਹਾਂ ਦੇ ਪਿੱਛੇ ਗਾਉਂਦੇ ਹਨ। ਇੱਥੇ ਪਿੱਤਲ ਦੇ ਬੈਂਡ ਵੱਖ-ਵੱਖ ਧੁਨਾਂ ਵਜਾਉਂਦੇ ਹਨ ਅਤੇ 'ਗਤਕਾ' ਟੀਮਾਂ ਵੱਖ-ਵੱਖ ਮਾਰਸ਼ਲ ਆਰਟਸ ਰਾਹੀਂ ਅਤੇ ਰਵਾਇਤੀ ਹਥਿਆਰਾਂ ਦੀ ਵਰਤੋਂ ਕਰਕੇ ਮਖੌਲੀ ਲੜਾਈਆਂ ਦੇ ਰੂਪ ਵਿੱਚ ਆਪਣੀ ਤਲਵਾਰਬਾਜ਼ੀ ਦਾ ਪ੍ਰਦਰਸ਼ਨ ਕਰਦੀਆਂ ਹਨ। ਜਲੂਸ ਕਸਬੇ ਦੀਆਂ ਗਲੀਆਂ ਵਿੱਚ ਵੜਦਾ ਹੈ। ਇਸ ਵਿਸ਼ੇਸ਼ ਮੌਕੇ ਲਈ ਰਸਤਾ ਸਾਫ਼-ਸੁਥਰਾ ਤੇ ਬੈਨਰਾਂ ਨਾਲ ਢੱਕਿਆ ਹੋਇਆ ਹੁੰਦਾ ਹੈ ਅਤੇ ਗੇਟਾਂ ਨੂੰ ਝੰਡੇ ਅਤੇ ਫੁੱਲਾਂ ਨਾਲ ਸਜਾਇਆ ਜਾਂਦਾ ਹੈ। ਆਗੂ, ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪ੍ਰਚਾਰ ਕਰਦੇ ਹਨ। ਗੁਰਪੁਰਬ ਵਾਲੇ ਦਿਨ, ਸਮਾਗਮ ਸਵੇਰੇ 4 ਤੋਂ 5 ਵਜੇ ਸ਼ੁਰੂ ਹੁੰਦੇ ਹਨ। ਸਵੇਰ ਦੇ ਇਸ ਸਮੇਂ ਨੂੰ ਅੰਮ੍ਰਿਤ ਵੇਲਾ ਕਿਹਾ ਜਾਂਦਾ ਹੈ। ਦਿਨ ਦੀ ਸ਼ੁਰੂਆਤ ਆਸਾ-ਦੀ-ਵਾਰ (ਸਵੇਰ ਦੇ ਭਜਨ) ਦੇ ਗਾਇਨ ਨਾਲ ਹੁੰਦੀ ਹੈ। ਇਸ ਤੋਂ ਬਾਅਦ ਗੁਰੂ ਦੀ ਉਸਤਤ ਵਿੱਚ ਕਥਾ (ਗ੍ਰੰਥ ਦੀ ਵਿਆਖਿਆ) ਅਤੇ ਕੀਰਤਨ (ਸਿੱਖ ਧਰਮ ਗ੍ਰੰਥਾਂ ਵਿੱਚੋਂ ਭਜਨ) ਦੇ ਕਿਸੇ ਵੀ ਸੁਮੇਲ ਦੁਆਰਾ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਲੰਗਰ ਲੱਗਦਾ ਹੈ, ਜਿਸਦਾ ਪ੍ਰਬੰਧ ਵਲੰਟੀਅਰਾਂ ਦੁਆਰਾ ਗੁਰਦੁਆਰਿਆਂ ਵਿੱਚ ਕੀਤਾ ਜਾਂਦਾ ਹੈ। ਮੁਫ਼ਤ ਫਿਰਕੂ ਲੰਗਰ ਦੇ ਪਿੱਛੇ ਇਹ ਵਿਚਾਰ ਹੈ, ਜੋ ਕਿ ਹਰ ਕੋਈ ਲਿੰਗ, ਜਾਤ, ਧਰਮ, ਦੇ ਬਾਵਜੂਦ ਸੇਵਾ ਅਤੇ ਭਗਤੀ ਦੀ ਆਤਮਾ ਵਿੱਚ ਭੋਜਨ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਕੁਝ ਗੁਰਦੁਆਰਿਆਂ ਵਿੱਚ ਰਾਤ ਨੂੰ ਵੀ ਕੀਰਤਨ ਆਯੋਜਿਤ ਕੀਤੇ ਜਾਂਦੇ ਹਨ। ਇਹ ਕੀਰਤਨ ਸੂਰਜ ਡੁੱਬਣ ਤੋਂ ਬਾਅਦ ਸ਼ੁਰੂ ਹੁੰਦੇ ਹਨ ਜਦੋਂ ਰਹਿਰਾਸ (ਸ਼ਾਮ ਦੀ ਪ੍ਰਾਰਥਨਾ) ਦਾ ਪਾਠ ਕੀਤਾ ਜਾਂਦਾ ਹੈ,ਜੋ ਕਿ ਦੇਰ ਰਾਤ ਤੱਕ ਚੱਲਦਾ ਹੈ। ਸਵੇਰ ਦੇ ਲਗਭਗ 1:20 ਵਜੇ ਸੰਗਤਾਂ ਗੁਰਬਾਣੀ ਦਾ ਗਾਇਨ ਸ਼ੁਰੂ ਕਰ ਦਿੰਦੀਆਂ ਹਨ, ਜੋ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ਅਸਲ ਸਮਾਂ ਹੈ। ਜਸ਼ਨ ਲਗਭਗ 2 ਵਜੇ ਸਮਾਪਤ ਹੁੰਦੇ ਹਨ। ਗੁਰੂ ਨਾਨਕ ਗੁਰਪੁਰਬ ਦੁਨੀਆ ਭਰ ਦੇ ਸਿੱਖ ਭਾਈਚਾਰੇ ਦੁਆਰਾ ਮਨਾਇਆ ਜਾਂਦਾ ਹੈ ਅਤੇ ਸਿੱਖ ਕੈਲੰਡਰ ਵਿੱਚ ਸਭ ਤੋਂ ਮਹੱਤਵਪੂਰਨ ਤਿਉਹਾਰਾਂ ਵਿੱਚੋਂ ਇੱਕ ਹੈ।

ਜਸ਼ਨ ਖਾਸ ਤੌਰ 'ਤੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਅਤੇ ਹੋਰ ਬਹੁਤ ਸਾਰੇ ਸਥਾਨਾਂ ਜਿਵੇਂ ਕਿ ਪਾਕਿਸਤਾਨ ਅਤੇ ਇੰਗਲੈਂਡ ਦੇ ਕੁਝ ਹਿੱਸਿਆਂ ਵਿੱਚ ਮਨਾਉਂਦੇ ਹਨ। ਇੱਥੋਂ ਤੱਕ ਕਿ ਕੁਝ ਸਿੰਧੀ ਵੀ ਇਸ ਤਿਉਹਾਰ ਨੂੰ ਮਨਾਉਂਦੇ ਹਨ। ਇਸ ਪਵਿੱਤਰ ਦਿਹਾੜੇ ਨੂੰ ਮਨਾਉਂਦੇ ਹੋਏ ਪੰਜਾਬ ਸਰਕਾਰ ਨੇ 11 ਯੂਨੀਵਰਸਿਟੀਆਂ ਵਿੱਚ ਮਹਾਨ ਸੰਤ ਨੂੰ ਸਮਰਪਿਤ ਚੇਅਰਾਂ ਲਗਾਉਣ ਦਾ ਐਲਾਨ ਕੀਤਾ ਹੈ। ਇਹ ਘੋਸ਼ਣਾ 11 ਨਵੰਬਰ 2019 ਨੂੰ ਕੀਤੀ ਗਈ ਸੀ।






iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...
Ph: 0800 03 03 99 | Mob: 021 670 590
Email: icolourgraphics@gmail.com
Unit 5/2 Tironui Station Road West, Takanini




Beautiful Smiles For Life...
Clendon Dental Centre Ltd
15 Palmers Road Clendon, Auckland
Ph: 09 266 0769, Mob: 022 040 9399
Papatoetoe Family Dentist
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934
ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।
ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।
Dr. Inderpal Singh (BDS)
Dr. Kiranpal Kaur (BDS)
FREE WINZ QUOTES & ACC ACCIDENTS
Mon to Fri: 9.00am - 6.00pm

UNIVERSAL HOMEOPATHIC NZ LTD. AUCKLAND
PROVIDING AN EXCEPTIONAL EXPERIENCE IN ALTERNATIVE THERAPIES.
HOMEOPATHY
Universal Homeopathic NZ Ltd
ਡਾ. ਪ੍ਰੀਤ ਨਾਲ ਤੁਸੀ ਅੰਗਰੇਜੀ, ਪੰਜਾਬੀ, ਹਿੰਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ।
DR PREET
Consultant and Physician
Visit
UNIVERSAL HOMEOPATHIC NZ LTD. AUCKLAND
ACNE
ASTHMA
DEPRESSION
DIABETES
GALLSTONES
GOUT
HAIR LOSS
415, Great South Road
info@naturallyhealth.co.nz
P: 021-1256-356
INDIGESTION
MIGRAINE
OBESITY
PILES
PIMPLES
WORMS
STRESS




TAKANINI TYRES & MECHANICAL LTD
Our Services :
• Oil Changes
• Wheel alignment
• Tire Services
• Brake Repairs
• WOF + WOF Repairs
CURRENT SPECIALS
WHEEL ALIGNMENT $60 ONLY
WOF SPECIAL ONLY $55
BASIC CAR SERVICE $110 WITH OIL FILTER
WE ARE OPEN MON-SAT 8.30AM TO 5PM
266 GREAT SOUTH ROAD,TAKANINI
021 044 7389
09 212 4111
FB - Takanini Tyres
Karamjit (Jit) Singh
MANAGER
VALID UNTIL 30 NOVEMBER 2024








## NZ INDIAN SPORTS & CULTURAL CLUB INC.

P.O. Box 27410, Mt Roskill, Auckland - 1440
NZBN - 9429051471545
Ph: 09-390 0004, Email: nzindianclub@gmail.com

## Organising Committee

**Hardev Singh Brar**
**President**
+64274427338
Email. hardevbrar@gmail.com

**Hardev Mahinangal**
**Vice President**
+642102612568
hardevmahinangal@gmail.com

**Jaswinder Brar**
**Secretary**
jassibrar2024@gmail.com

**Gurdeep Singh**
**Treasurer**
+64222786226
kalabrar@gmail.com

**Rubal Singh**
**Cultural Secretary**
021333350
Rubal.singh@raywhite.com

**Sarabjit Singh**
**Sports Secretary**
0210426837

**Panchpreet Dhillon**
**Auditor**
Panchpreetnz@gmail.com


# ਅਮਰੀਕਾ ਵਿਚ ਮੈਕਡੋਨਲਡ ਨਾਲ ਜੁੜੇ ਈ ਕੋਲੀ ਇਨਫੈਕਸ਼ਨ ਮਾਮਲੇ 'ਚ ਹੋਇਆ ਵਾਧਾ



ਵਾਸ਼ਿੰਗਟਨ - ਅਮਰੀਕਾ ਵਿਚ ਮੈਕਡੋਨਲਡਜ਼ ਦੇ ਫਾਸਟ-ਫੂਡ ਰੈਸਟੋਰੈਂਟ ਵਿਚ ਖਾਣਾ ਖਾਣ ਤੋਂ ਬਾਅਦ ਈ. ਕੋਲੀ ਲਾਗ ਨਾਲ ਪੀੜਤ ਲੋਕਾਂ ਦੀ ਗਿਣਤੀ 104 ਹੋ ਗਈ ਹੈ, ਜਦੋਂ ਕਿ ਪਹਿਲਾਂ 90 ਮਾਮਲੇ ਰਿਪੋਰਟ ਕੀਤੇ ਗਏ ਸਨ। ਯੂ.ਐਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ) ਨੇ ਵੀਰਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ। ਸੀ.ਡੀ.ਸੀ ਨੇ ਕਿਹਾ,"13 ਨਵੰਬਰ ਤੱਕ 14 ਰਾਜਾਂ ਤੋਂ E. coil O157:H7 ਦੇ ਪ੍ਰਕੋਪ ਨਾਲ ਸੰਕਰਮਿਤ ਕੁੱਲ 104 ਲੋਕ ਰਿਪੋਰਟ ਕੀਤੇ ਗਏ।'' ਉਪਲਬਧ ਜਾਣਕਾਰੀ ਮੁਤਾਬਕ 98 ਵਿਅਕਤੀਆਂ ਵਿੱਚੋਂ 34 ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ 4 ਲੋਕਾਂ ਵਿੱਚ ਹੈਮੋਲਾਈਟਿਕ ਯੂਰੇਮਿਕ ਵਿਕਸਿਤ ਹੋਇਆ ਹੈ। ਇਹ ਇਕ ਗੰਭੀਰ ਸਥਿਤੀ ਹੈ ਅਤੇ ਕਿਡਨੀ ਫੇਲ੍ਹ ਦਾ ਕਾਰਨ ਬਣ ਸਕਦੀ ਹੈ। ਸੀ.ਡੀ.ਸੀ. ਨੇ ਕਿਹਾ ਕਿ ਕੋਲੋਰਾਡੋ ਵਿੱਚ ਇੱਕ ਬਜ਼ੁਰਗ ਵਿਅਕਤੀ ਦੀ ਮੌਤ ਦੀ ਸੂਚਨਾ ਮਿਲੀ ਹੈ। ਸਿਹਤ ਅਥਾਰਟੀ ਨੇ ਕਿਹਾ ਕਿ ਕੇਸਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ ਕਿਉਂਕਿ ਇਹ ਨਿਰਧਾਰਤ ਕਰਨ ਵਿੱਚ ਆਮ ਤੌਰ 'ਤੇ 3-4 ਹਫ਼ਤੇ ਲੱਗ ਜਾਂਦੇ ਹਨ ਕਿ ਕੀ ਕੋਈ ਬਿਮਾਰ ਵਿਅਕਤੀ ਪ੍ਰਕੋਪ ਦਾ ਹਿੱਸਾ ਹੈ। ਸੀ.ਡੀ.ਸੀ ਨੇ ਕਿਹਾ, "ਇਸ ਪ੍ਰਕੋਪ ਵਿੱਚ ਬਿਮਾਰ ਲੋਕਾਂ ਦੀ ਅਸਲ ਸੰਖਿਆ ਸੰਭਾਵਤ ਤੌਰ 'ਤੇ ਰਿਪੋਰਟ ਕੀਤੀ ਗਈ ਸੰਖਿਆ ਨਾਲੋਂ ਬਹੁਤ ਜ਼ਿਆਦਾ ਹੈ ਅਤੇ ਇਹ ਪ੍ਰਕੋਪ ਜਾਣੂ ਬਿਮਾਰੀਆਂ ਵਾਲੇ ਰਾਜਾਂ ਤੱਕ ਸੀਮਿਤ ਨਹੀਂ ਹੋ ਸਕਦਾ।" ਸੀ.ਡੀ.ਸੀ ਨੇ ਅੱਗੇ ਕਿਹਾ ਕਿ ਬਹੁਤ ਸਾਰੇ ਲੋਕ ਬਿਨਾਂ ਡਾਕਟਰੀ ਦੇਖਭਾਲ ਦੇ ਠੀਕ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਲਾਗ ਦੀ ਜਾਂਚ ਨਹੀਂ ਕੀਤੀ ਜਾਂਦੀ।

# ਮੋਹਣ ਸਿੰਘ ਚਰਖਾ




ਨਵਾਂ ਸ਼ਹਿਰ ਵਿੱਚ ਥੋੜ੍ਹੀ-ਥੋੜ੍ਹੀ ਵਿੱਥ 'ਤੇ ਤਵਿਆਂ ਵਾਲੇ ਯੁੱਗ ਦੇ ਦੋ ਫ਼ਨਕਾਰਾਂ ਦੇ ਸੰਗੀਤ ਘਰ ਖੁੱਲ੍ਹੇ ਹੋਏ ਹਨ। ਇੱਕ ਹੈ ਸਰੂਪ ਸਿੰਘ ਸਰੂਪ ਤੇ ਦੂਜਾ ਮੋਹਣ ਸਿੰਘ ਮੋਹਣ ਭਾਵ 'ਚਰਖਾ'। ਫ਼ਰਕ ਸਿਰਫ਼ ਏਨਾ ਕੁ ਹੈ ਕਿ ਸਰੂਪ ਸਿੰਘ ਦੇ ਕਈ ਰਿਕਾਰਡਾਂ ਦਾ ਸੰਗੀਤ ਪ੍ਰੇਮੀਆਂ ਨੇ ਆਨੰਦ ਮਾਣਿਆ ਤੇ ਮੋਹਣ ਸਿੰਘ ਦਾ ਸਿਰਫ਼ ਸਵਾ ਲੱਖ ਤਵਾ ਆਇਆ, ਭਾਵ ਇੱਕੋ।

ਮੋਹਣ ਸਿੰਘ ਮੋਹਣ ਦਾ ਜੱਦੀ ਪਿੰਡ ਨਵਾਂ ਸ਼ਹਿਰ ਦੀ ਬੁੱਕਲ 'ਚ ਹੈ, ਲੰਗੜੋਆ। ਕਈ ਲੋਕ ਉਸ ਨੂੰ ਮੋਹਣ ਸਿੰਘ 'ਮੋਹਣ' ਕਰਕੇ ਜਾਣਦੇ ਹਨ ਤੇ ਕਈ ਮੋਹਣ ਸਿੰਘ 'ਚਰਖਾ' ਕਰਕੇ। ਮੋਹਣ ਸਿੰਘ ਨੇ ਦੋਹੇਂ ਉਪਨਾਵਾਂ ਨਾਲ ਬਰਾਬਰ ਦੀ ਸਾਂਝ ਪੁਗਾਈ। ਕਈ ਕਾਰਨਾਂ ਕਰਕੇ ਉਸ ਦੇ ਬਹੁਤੇ ਗੀਤ ਨਹੀਂ ਆਏ, ਪਰ ਜਿਹੜੇ ਦੋ-ਚਾਰ ਆਏ, ਉਨ੍ਹਾਂ ਨੇ ਉਸ ਨੂੰ 'ਐਚ.ਐਮ.ਵੀ' ਦਾ ਵਧੀਆ ਕਲਾਕਾਰ ਬਣਾ ਦਿੱਤਾ। ਉਨ੍ਹਾਂ ਵੇਲਿਆਂ ਵਿੱਚ ਕਲਾਕਾਰ 'ਤੇ ਇਸ ਕੰਪਨੀ ਦਾ ਠੱਪਾ ਲੱਗਣਾ ਹੀ ਕਾਫੀ ਮਾਇਨੇ ਰੱਖਦਾ ਸੀ, ਇਸ ਕਰਕੇ ਮੋਹਣ ਸਿੰਘ ਚਰਖਾ ਦਾ ਸਤਿਕਾਰ ਅੱਜ ਵੀ ਉਹ ਲੋਕ ਕਰਦੇ ਨੇ, ਜਿਨ੍ਹਾਂ ਨੇ ਤਵਿਆਂ ਵਾਲੇ ਯੁੱਗ ਨਾਲ ਮੋਹ ਪਾਲਿਆ ਹੋਇਆ ਹੈ।

ਮੋਹਣ ਸਿੰਘ ਚਰਖਾ ਦਾ ਉਪਨਾਮ 'ਚਰਖਾ' ਹੈਰਾਨ ਕਰਦਾ ਹੈ ਕਿਉਂਕਿ ਇਹ ਨਾ ਤਾਂ ਗੋਤ ਹੋ ਸਕਦਾ ਹੈ ਤੇ ਨਾ ਹੀ ਪਿੰਡ ਦਾ ਨਾਂ। ਪਰ ਜਦੋਂ ਉਸ ਦੇ ਮਨ ਦੀਆਂ ਤਹਿਆਂ ਫਰੋਲੀਦੀਆਂ ਹਨ ਤਾਂ 'ਚਰਖਾ' ਵਿਚੋਂ ਉਸ ਦਾ ਪਿਤਾ ਪ੍ਰੇਮ ਝਲਕਣ ਲੱਗਦਾ ਹੈ। 'ਚਰਖਾ' ਤਖੱਲਸ ਉਸ ਦੇ ਬਾਪ ਦੀ ਨਿਸ਼ਾਨੀ ਹੈ, ਉਹ ਬਾਪ ਜਿਹੜਾ ਆਪਣੇ ਵੇਲ਼ੇ ਦਾ ਮਹਾਨ ਕਵੀ ਹੋਇਆ ਤੇ ਉਸ ਦੀ ਕਵਿਤਾ ਬਿਨਾਂ ਸਟੇਜਾਂ ਸੁਣੀਆਂ ਸਮਝੀਆਂ ਜਾਂਦੀਆਂ ਸਨ। ਪਿਤਾ ਜੀ ਕਰਤਾਰ ਸਿੰਘ 1932 ਵਿੱਚ ਮਹਾਤਮਾ ਗਾਂਧੀ ਦੀ ਹਾਜ਼ਰੀ ਵਿੱਚ ਸਟੇਜ 'ਤੇ ਕਵਿਤਾ ਪੇਸ਼ ਕਰ ਰਹੇ ਸਨ। ਗਾਂਧੀ ਜੀ ਨੇ ਉਨ੍ਹਾਂ ਦੀ ਕਲਾ ਤੋਂ ਪ੍ਰਭਾਵਿਤ ਹੋ ਕੇ ਆਖਿਆ, 'ਤੁਸੀਂ ਤਾਂ ਮੇਰੇ ਚਰਖੇ ਵਾਂਗ ਚੱਲਦੇ ਹੋ, ਕਿਆ ਬਾਤਾਂ ਨੇ ਤੁਹਾਡੀਆਂ, ਆਪਣੀ ਕਵਿਤਾ ਨੂੰ ਇਸੇ ਤਰ੍ਹਾਂ ਚਰਖੇ ਵਾਂਗ ਘੁਮਾਉਂਦੇ ਰਹਿਣਾ।' ਉਸ ਦਿਨ ਤੋਂ ਪਿਤਾ ਜੀ ਨੇ ਆਪਣੇ ਨਾਂ ਪਿੱਛੇ 'ਚਰਖਾ' ਜੋੜ ਲਿਆ। ਪਿਤਾ ਜੀ ਨੂੰ ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ, ਪ੍ਰਤਾਪ ਸਿੰਘ ਕੈਰੋਂ ਅਤੇ ਹੋਰ ਉੱਘੇ ਸਿਆਸਤਦਾਨਾਂ ਵੱਲੋਂ ਵਧੀਆ ਕਵੀ ਹੋਣ ਨਾਤੇ ਸਨਮਾਨ ਪੱਤਰਾਂ ਨਾਲ ਸਨਮਾਨਿਆ ਗਿਆ।

ਮੋਹਣ ਸਿੰਘ ਚਰਖਾ ਨੇ ਆਪਣੇ ਨਾਨਕਾ ਪਿੰਡ 'ਚ 1940 ਵਿੱਚ ਪਹਿਲੀ ਕਿਲਕਾਰੀ ਮਾਰੀ। ਮਾਤਾ ਕਰਤਾਰ ਕੌਰ ਹੱਦ ਦਰਜੇ ਦੀ ਸਾਊ ਔਰਤ ਸੀ ਤੇ ਉਸ ਨੇ ਸਾਰੀ ਉਮਰ ਮੋਹਣ ਸਿੰਘ ਦੇ ਕਿਸੇ ਕੰਮ ਵਿੱਚ ਟੋਕਾ-ਟਾਕੀ ਨਾ ਕੀਤੀ। ਪਿਤਾ ਜੀ ਕਿਉਂਕਿ ਸਟੇਜਾਂ 'ਤੇ ਕਵਿਤਾ ਗਾਇਨ ਕਰਦੇ ਸਨ, ਇਸ ਕਰਕੇ ਮੋਹਣ ਸਿੰਘ ਨੇ ਬਚਪਨ ਵਿੱਚ ਹੀ ਉਨ੍ਹਾਂ ਦਾ ਪ੍ਰਭਾਵ ਕਬੂਲ ਲਿਆ। ਜਦੋਂ ਮੋਹਣ ਸਿੰਘ ਛੇਵੀਂ-ਸੱਤਵੀਂ ਵਿੱਚ ਪੜ੍ਹਦਾ ਸੀ ਤਾਂ ਬਾਲ ਗਾਇਨ ਮੁਕਾਬਲੇ ਵਿੱਚ ਬਾਕੀ ਵਿਦਿਆਰਥੀਆਂ ਨਾਲੋਂ ਮੂਹਰੇ ਰਹਿੰਦਾ। ਇੱਕ ਵਾਰ ਮੋਹਣ ਸਿੰਘ ਗਾ ਰਿਹਾ ਸੀ ਤੇ ਮੁੱਖ ਮਹਿਮਾਨ ਤਹਿਸੀਲਦਾਰ ਨੇ ਉਸ ਨੂੰ ਪੰਜ ਰੁਪਏ ਇਨਾਮ ਦਿੱਤਾ। ਇਨ੍ਹਾਂ ਪੰਜਾਂ ਰੁਪਇਆਂ ਨੇ ਮੋਹਣ ਸਿੰਘ ਅੰਦਰ ਗਾਇਕੀ ਦਾ ਹੋਰ ਵੀ ਜਨੂੰਨ ਭਰ ਦਿੱਤਾ।

ਵਕਤ ਬੀਤਦਾ ਗਿਆ ਤੇ ਮੋਹਣ ਸਿੰਘ ਅੰਦਰ ਗਾਇਕੀ ਦਾ ਕੀੜਾ ਹੋਰ ਤੋਂ ਹੋਰ ਖੌਰੂ ਪਾਉਣ ਲੱਗਾ। ਪਹਿਲਾਂ ਤਾਂ ਉਹ ਘਰੇ ਬੈਠਾ ਹੀ 'ਸਾ...ਰੇ...ਗਾ...ਮਾ...ਪਾ...' ਕਰਦਾ ਰਹਿੰਦਾ ਸੀ, ਪਰ 1956 ਵਿੱਚ ਉਸ ਨੇ ਸਰੂਪ ਸਿੰਘ ਸਰੂਪ ਨੂੰ ਉਸਤਾਦ ਧਾਰ ਲਿਆ। ਹੁਣ ਮੋਹਣ ਸਿੰਘ ਨੂੰ ਗਾਇਕੀ ਵਿੱਚ ਵਿਚਰਦਿਆਂ ਚਾਲੀ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਪਰ ਉਹ ਆਖਦੈ, 'ਮੈਂ ਹਾਲੇ ਵੀ ਸਿੱਖ ਰਿਹਾ ਹਾਂ, ਉਸਤਾਦ ਸਰੂਪ ਸਿੰਘ ਦੀ ਅੱਜ ਵੀ ਸੰਗਤ ਕਰਦਾ ਹਾਂ, ਜਵਾਨੀ ਵੇਲੇ ਮੈਂ ਫਗਵਾੜੇ ਵਾਲੇ ਰਤਨ ਜੀ ਕੋਲੋਂ ਸਿੱਖਿਆ, ਹਰੀਦੇਵ ਜੀ ਕੋਲੋਂ ਵੀ ਸਿੱਖਿਆ ਲਈ ਤੇ ਹਰਿਦੁਆਰ ਜਾ ਕੇ ਪੰਡਿਤ ਓਂਕਾਰ ਨਾਥ ਕੋਲੋਂ ਵੀ ਸੰਗੀਤ ਦੀਆਂ ਬਰੀਕੀਆਂ ਬਾਰੇ ਵਾਕਫ਼ੀਅਤ ਹਾਸਿਲ ਕੀਤੀ।'

ਮੋਹਣ ਸਿੰਘ 1961 ਵਿੱਚ ਰੇਡੀਓ 'ਤੇ ਸਿਲੈਕਟ ਹੋਇਆ। 72 ਕਲਾਕਾਰ ਰੇਡੀਓ 'ਤੇ ਟੈਸਟ ਦੇਣ ਆਏ ਸਨ, ਪਰ ਪਾਸ ਉਸ ਸਮੇਤ ਸਿਰਫ਼ ਸੱਤ ਹੋਏ। ਉਸ ਨੇ ਵਾਰਿਸ ਸ਼ਾਹ ਦੀ ਹੀਰ ਤੇ ਮਿਰਜ਼ਾ ਗਾਇਆ ਅਤੇ ਉਹ ਜੱਜਾਂ ਦੀ ਨਜ਼ਰ 'ਤੇ ਖਰਾ ਉੱਤਰ ਗਿਆ। ਪਹਿਲਾਂ ਉਹ ਦੋ ਵਾਰ ਫੇਲ੍ਹ ਹੋ ਗਿਆ ਸੀ। 1962 ਵਿੱਚ ਉਸ ਦਾ ਰੇਡੀਓ ਤੋਂ ਪਹਿਲਾ ਪ੍ਰੋਗਰਾਮ ਪੇਸ਼ ਹੋਇਆ ਦਸ ਮਿੰਟ ਦਾ, ਤੇ ਸੇਵਾ ਫ਼ਲ ਵਜੋਂ ਵੀ ਉਸ ਨੂੰ ਦਸ ਰੁਪਏ ਦਿੱਤੇ ਗਏ। ਮੋਹਣ ਸਿੰਘ ਫੁੱਲਿਆ ਨਾ ਸਮਾਵੇ ਕਿਉਂਕਿ ਉਦੋਂ ਰੇਡੀਓ 'ਤੇ ਆਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ ਹੁੰਦਾ।

ਮੋਹਣ ਸਿੰਘ ਦੀ ਇੱਛਾ ਤਾਂ ਬਹੁਤ ਸੀ ਕਿ ਉਸ ਦਾ ਛੇਤੀ-ਛੇਤੀ ਕੋਈ ਰਿਕਾਰਡ ਮਾਰਕੀਟ ਵਿੱਚ ਆਵੇ, ਪਰ ਗੱਲ ਨਹੀਂ ਸੀ ਬਣ ਰਹੀ। ਕੰਪਨੀ ਵੱਲ ਗੇੜੇ ਮਾਰ-ਮਾਰ ਉਹ ਕਈ ਵਾਰ ਜੇਬਾਂ ਹੌਲੀਆਂ ਕਰ ਚੁੱਕਾ ਸੀ, ਪਰ ਵਕਤ ਸਾਥ ਨਹੀਂ ਸੀ ਦੇ ਰਿਹਾ। 1974 ਵਿੱਚ ਸਰੂਪ ਸਿੰਘ ਸਰੂਪ ਤੇ ਚਰਨ ਸਿੰਘ ਸਫ਼ਰੀ ਹੁਰਾਂ ਦੇ ਕਹਿਣ 'ਤੇ ਉਹ ਉਨ੍ਹਾਂ ਨਾਲ ਦਿੱਲੀ 'ਐਚ.ਐਮ.ਵੀ' ਚਲਾ ਗਿਆ। ਉਸ ਦੀ ਜੇਬ 'ਚ ਸਿਰਫ਼ ਦੋ ਰੁਪਏ ਸਨ। ਉਥੇ ਉਸ ਦੀ ਅਵਾਜ਼ ਕੇਸਰ ਸਿੰਘ ਨਰੂਲਾ ਨੇ ਸੁਣੀ ਤਾਂ ਰਿਕਾਰਡਿੰਗ ਦੀ ਹਾਮੀ ਭਰ ਦਿੱਤੀ।

ਮੋਹਣ ਸਿੰਘ ਮੋਹਣ ਭਾਵ 'ਚਰਖਾ' ਨੇ ਪਹਿਲੇ ਰਿਕਾਰਡ ਵਿੱਚ ਮੋਹਿਨੀ ਨਰੂਲਾ ਨਾਲ ਦੋ ਗੀਤ ਗਾਏ। ਸੰਗੀਤ ਮੋਹਣੀ ਦੇ ਪਤੀਦੇਵ ਕੇਸਰ ਸਿੰਘ ਨਰੂਲਾ ਦਾ ਹੀ ਸੀ। ਵਰਨਣਯੋਗ ਹੈ ਕਿ ਮੋਹਣੀ ਨਰੂਲਾ ਅੱਜ ਦੀ ਸਥਾਪਿਤ ਗਾਇਕਾ ਜਸਪਿੰਦਰ ਨਰੂਲਾ ਦੀ ਮਾਤਾ ਹੈ ਤੇ ਉਨ੍ਹੀਂ ਦਿਨੀ ਗਾਇਕੀ ਦੇ ਪਿੜ ਵਿੱਚ ਉਸ ਦੀ ਪੂਰੀ ਚੜ੍ਹਤ ਸੀ। 1975 ਵਿੱਚ ਮੋਹਣ ਦਾ ਈ.ਪੀ. ਰਿਕਾਰਡ ਮਾਰਕੀਟ ਵਿੱਚ ਆ ਗਿਆ, ਜਿਸ ਵਿੱਚ ਉਸ ਦੇ ਦੋ ਦੋਗਾਣੇ ਸਨ। ਬਾਕੀ ਦੋ ਗੀਤਾਂ ਵਿੱਚੋਂ ਇੱਕ ਮੋਹਿਣੀ ਨਰੂਲਾ ਦਾ ਸੋਲੋ ਸੀ, 'ਜੱਟ ਸ਼ਰਾਬੀ ਕਰੇ ਖਰਾਬੀ' ਅਤੇ ਦੂਜਾ ਮੋਹਿਨੀ ਤੇ ਅੰਮ੍ਰਿਤ ਮਲਿਕ ਦਾ ਸਾਂਝਾ ਗੀਤ ਸੀ, 'ਝੂਠੀ ਤੋਹਮਤ ਲਾ ਗਏ'। ਮੋਹਣ ਸਿੰਘ ਦੇ ਇੱਕ ਦੋਗਾਣੇ ਵਿੱਚ ਮੋਹਿਨੀ ਆਖਦੀ :

ਬੋਲ ਵੇ ਟੈਂਪੂ ਵਾਲਿਆ,
ਕੀ ਨਵੇਂ ਸ਼ਹਿਰ ਦਾ ਲੈਣਾ।
ਅੱਗੋਂ ਮੋਹਣ ਜਵਾਬ ਦਿੰਦਾ:
ਬਹਿ ਜਾ ਨੀਂ ਮਛਲੀ ਵਾਲੀਏ,
ਨਹੀਂ ਵੱਧ ਮੈਂ ਤੈਥੋਂ ਲੈਣਾ।

ਮੋਹਣ ਸਿੰਘ ਦੇ ਦੋਹੇਂ ਗੀਤ ਸਨਮੁਖ ਸਿੰਘ ਅਜ਼ਾਦ ਦੇ ਲਿਖੇ ਹੋਏ ਸਨ। ਅਜ਼ਾਦ ਖੁਦ ਤਾਂ ਰਿਕਾਰਡਿੰਗ ਵੇਲੇ ਉਸ ਨਾਲ ਦਿੱਲੀ ਨਾ ਗਿਆ, ਪਰ ਉਸ ਨੇ ਮੋਹਣ ਦੀ ਮੰਗ 'ਤੇ ਉਸ ਨੂੰ ਗੀਤ ਦੇ ਦਿੱਤੇ ਸਨ। ਮੋਹਣ ਸਿੰਘ ਦਾ ਦੂਜਾ ਗੀਤ ਟਾਂਗੇ ਵਾਲਿਆਂ ਦੀ ਜ਼ਿੰਦਗੀ ਨਾਲ ਸਬੰਧਿਤ ਸੀ। ਉਹ ਮੁਟਿਆਰ ਨੂੰ ਟਾਂਗੇ 'ਤੇ ਬੈਠਣ ਲਈ ਕਹਿੰਦਾ, ਪਰ ਅੱਗੋਂ ਮੁਟਿਆਰ ਉਸ ਨਾਲ ਬੈਠਣ ਤੋਂ ਝਕਦੀ ਹੈ। ਮੋਹਣ ਸਿੰਘ ਆਖਦਾ :

ਟਾਂਗਾਂ ਮਿੱਤਰਾਂ ਦਾ ਚੱਲਿਆ ਏ ਸ਼ਹਿਰ ਗੋਰੀਏ,
ਅੱਗੇ ਬੈਠ ਜਾ ਜੇ ਕਰਨੀ ਤਾਂ ਸੈਰ ਗੋਰੀਏ।
ਜਵਾਬੀ ਰੂਪ 'ਚ ਨਰੂਲਾ ਕਹਿੰਦੀ :
ਝੂਠੀ ਟਾਂਗੇ ਵਾਲੇ ਦਿੰਦੇ ਨੇ ਤਸੱਲੀ ਮੁੰਡਿਆ,
ਲੈ ਜਾਂਦੇ ਨਹਿਰੋ-ਨਹਿਰ ਮੱਲੋ-ਮੱਲੀ ਮੁੰਡਿਆ।

ਇਹ ਰਿਕਾਰਡ ਵਾਹਵਾ ਚੱਲਿਆ ਤੇ ਕੰਪਨੀ ਵਾਲਿਆਂ ਨੇ ਮੋਹਣ ਸਿੰਘ ਨੂੰ ਕਈ ਵਾਰ ਆਖਿਆ ਕਿ ਅਗਲੇ ਰਿਕਾਰਡ ਦੀ ਤਿਆਰੀ ਕਰੋ, ਜਲਦੀ ਰਿਲੀਜ਼ ਕਰਨਾ ਹੈ। ਪਰ ਮੋਹਣ ਸਿੰਘ ਅੱਗੇ ਵਧਦਾ-ਵਧਦਾ ਫਿਰ ਪਿੱਛੇ ਰਹਿ ਗਿਆ ਅਤੇ ਉਸ ਤੋਂ ਅਗਲੇ ਰਿਕਾਰਡ ਦੀ ਤਿਆਰੀ ਨਾ ਹੋਈ। ਉਹ ਦੱਸਦਾ ਹੈ, 'ਮੇਰੀ ਕਿਸੇ ਗਾਉਣ ਵਾਲੀ ਪੱਕੀ ਸੈਟਿੰਗ ਨਾ ਹੋਈ। ਕਈ ਵਾਰ ਕੁੜੀ ਦੀ ਅਵਾਜ਼ ਮੈਨੂੰ ਪਸੰਦ ਨਾ ਆਉਂਦੀ ਤੇ ਜਦੋਂ ਅਵਾਜ਼ ਪਸੰਦ ਆਉਂਦੀ ਤਾਂ ਉਸ ਨੂੰ ਕੋਈ ਹੋਰ ਕਲਾਕਾਰ ਪੱਟ ਕੇ ਲੈ ਜਾਂਦਾ।' ਵਕਤ ਨੇ ਮੋਹਣ ਸਿੰਘ ਚਰਖਾ ਦਾ ਸਾਥ ਨਾ ਦਿੱਤਾ ਤੇ ਇੱਕੋ ਰਿਕਾਰਡ ਉਸ ਦੀ ਪ੍ਰਾਪਤੀ ਬਣ ਕੇ ਰਹਿ ਗਿਆ।

ਮੋਹਣ ਸਿੰਘ ਚਰਖਾ ਦੀਆਂ ਤਿੰਨ ਧਾਰਮਿਕ ਕੈਸਿਟਾਂ ਆਈਆਂ। ਪਹਿਲੀ ਕੈਸਿਟ ਉਸ ਨੇ ਸਰੂਪ ਸਿੰਘ ਸਰੂਪ ਤੇ ਦਇਆ ਸਿੰਘ ਦਿਲਬਰ ਨਾਲ ਕੀਤੀ। ਤਿੰਨਾਂ ਦੇ ਦੋ-ਦੋ ਧਾਰਮਿਕ ਗੀਤ ਕੈਸਿਟ ਵਿੱਚ ਦਰਜ ਸਨ। ਅਗਲੀ ਕੈਸਿਟ 'ਸਿੱਖੀ ਦੇ ਸਿਰਜਣਹਾਰ' ਸੀ, ਜਿਸ ਵਿੱਚ ਉਸ ਨੇ ਸਿੱਖ ਗੁਰੂਆਂ ਦੀ ਮਹਿਮਾ ਵਾਲੇ ਗੀਤ ਗਾਏ ਤੇ ਤੀਜੀ ਕੈਸਿਟ ਨਿਰੋਲ ਗੁਰਬਾਣੀ 'ਤੇ ਅਧਾਰਿਤ ਸੀ, 'ਆਪਣੇ ਸੇਵਕ ਕੀ ਆਪੇ ਰਾਖੈ, ਆਪੇ ਨਾਮ ਜਪਾਵੈ।' ਮੋਹਣ ਸਿੰਘ ਨੇ ਆਪਣੀ ਨਿੱਜੀ ਸੰਗੀਤ ਕੰਪਨੀ ਖੋਲ੍ਹ ਲਈ ਤੇ ਉਸ ਦੀਆਂ ਕੈਸਿਟਾਂ 'ਚਰਖਾ ਮਿਊਜ਼ਿਕ' ਵਿੱਚ ਹੀ ਆਈਆਂ।

1975 ਵਿੱਚ ਮੋਹਣ ਸਿੰਘ ਚਰਖਾ ਪਹਿਲੀ ਵਾਰ ਸਾਥੀ ਕਲਾਕਾਰਾਂ ਨਾਲ ਇੰਗਲੈਂਡ ਪ੍ਰੋਗਰਾਮ ਪੇਸ਼ ਕਰਨ ਗਿਆ ਤੇ ਬਾਅਦ ਵਿੱਚ ਕਾਫੀ ਸਮੇਂ ਬਾਅਦ ਉਸ ਨੇ ਆਸਟ੍ਰੇਲੀਆ ਦੀ ਧਰਤੀ 'ਤੇ ਵੀ ਪੈਰ ਰੱਖ ਲਏ। 2006 ਵਿੱਚ ਉਹ ਅਮਰੀਕਾ ਚਲਾ ਗਿਆ ਤੇ ਸਾਲ ਕੁ ਉਥੇ ਲਾ ਕੇ ਵਾਪਸ ਮੁੜ ਆਇਆ। ਸਿੰਘਾਪੁਰ, ਮਲੇਸ਼ੀਆ, ਥਾਈਲੈਂਡ ਉਸ ਦਾ ਆਉਣਾ-ਜਾਣਾ ਲੱਗਾ ਰਹਿੰਦਾ ਹੈ।

'ਤੁਹਾਡਾ ਸਿਰਫ਼ ਇੱਕੋ ਰਿਕਾਰਡ ਮਾਰਕੀਟ ਵਿੱਚ ਆਇਆ, ਕੀ ਤੁਹਾਨੂੰ ਇਸ ਗੱਲ ਦਾ ਅਫ਼ਸੋਸ ਨਹੀਂ ਕਿਉਂਕਿ ਤੁਹਾਡੇ ਕਈ ਹਾਣੀ ਕਲਾਕਾਰਾਂ ਦੇ ਦਰਜਨਾਂ ਰਿਕਾਰਡ ਮਾਰਕੀਟ ਵਿੱਚ ਆਏ ਤੇ ਛਾਏ?' ਪੁੱਛਣ 'ਤੇ ਉਹ ਦੱਸਦਾ ਹੈ, 'ਅਫ਼ਸੋਸ ਤਾਂ ਬਹੁਤ ਹੁੰਦਾ ਹੈ, ਪਰ ਕੀਤਾ ਕੀ ਜਾਵੇ। ਕਦੇ-ਕਦੇ ਤਸੱਲੀ ਵੀ ਹੁੰਦੀ ਹੈ ਕਿ ਮੈਂ ਮਾੜਾ ਤਾਂ ਨਹੀਂ ਗਾਇਆ। ਜਿਹੜੇ ਕਲਾਕਾਰਾਂ ਦੇ ਅਣਗਿਣਤ ਰਿਕਾਰਡ ਆਏ, ਅੱਜ ਉਹ ਵੀ ਖੁੱਡੇ ਲੱਗੇ ਬੈਠੇ ਨੇ, ਕਿਸੇ ਦੀ ਕੋਈ ਵੁੱਕਤ ਨਹੀਂ ਰਹੀ। ਮੈਨੂੰ ਏਸੇ ਗੱਲ ਦੀ ਸੰਤੁਸ਼ਟੀ ਹੈ ਕਿ ਮੈਂ ਇੱਕੋ ਰਿਕਾਰਡ ਨਾਲ ਓਨਾ ਕੁ ਨਾਂ ਕਮਾ ਲਿਆ, ਜਿੰਨਾ ਕਈਆਂ ਨੇ ਦਰਜਨਾਂ ਰਿਕਾਰਡਾਂ ਨਾਲ ਕਮਾਇਆ।'

ਮੋਹਣ ਸਿੰਘ ਚਰਖਾ ਕਈ ਵਾਰ ਆਖਦਾ ਹੈ ਕਿ ਫ਼ਲਾਣੇ-ਫ਼ਲਾਣੇ ਕਲਾਕਾਰ ਮੇਰੇ ਨਾਲ ਵੀਹ-ਵੀਹ ਰੁਪਿਆਂ 'ਤੇ ਗਾਉਂਦੇ ਰਹੇ, ਪਰ ਜਦੋਂ ਉਸ ਨੂੰ ਪੁੱਛੀਦੈ, 'ਉਹ ਤੁਹਾਡੇ ਨਾਲ ਥੋੜ੍ਹੇ-ਥੋੜ੍ਹੇ ਪੈਸਿਆਂ 'ਚ ਗਾ ਕੇ ਅੱਗੇ ਨਿਕਲ ਗਏ ਤੇ ਤੁਸੀਂ ਅੱਗੇ ਜਾਣ ਦੀ ਥਾਂ ਪਿੱਛੇ ਆ ਗਏ, ਇਸ ਦਾ ਕੋਈ ਕਾਰਨ?' ਤਾਂ ਜਵਾਬ ਮਿਲਦਾ ਹੈ, 'ਉਨ੍ਹਾਂ ਦੀ ਗਾਉਣ ਵਾਲੀਆਂ ਨਾਲ ਚੰਗੀ ਸੈਟਿੰਗ ਹੋ ਗਈ, ਤਕਦੀਰ ਨੇ ਉਨ੍ਹਾਂ ਦਾ ਸਾਥ ਦਿੱਤਾ, ਉਨ੍ਹਾਂ ਦੇ ਰਿਕਾਰਡ ਹਿੱਟ ਹੋ ਗਏ ਤੇ ਉਹ ਮੂਹਰੇ ਆ ਗਏ।'


1962 ਤੋਂ 1985 ਤੱਕ ਮੋਹਣ ਸਿੰਘ ਨੇ ਲੁਧਿਆਣੇ ਆਪਣਾ ਦਫ਼ਤਰ ਖੋਲ੍ਹੀ ਰੱਖਿਆ, ਪਰ ਫੇਰ ਜਦੋਂ ਪਿਤਾ ਜੀ ਦੀ ਮੌਤ ਹੋ ਗਈ ਤਾਂ ਉਸ ਨੂੰ ਦਫ਼ਤਰ ਬੰਦ ਕਰਕੇ ਪਿੰਡ ਮੁੜਨਾ ਪਿਆ। ਹੁਣ ਉਹ ਪਤਨੀ ਜੋਗਿੰਦਰ ਕੌਰ ਨਾਲ ਲੰਗੜੋਆ ਵਿੱਚ ਹੀ ਰਹਿੰਦਾ ਹੈ ਅਤੇ ਉਨ੍ਹਾਂ ਦਾ ਇੱਕੋ-ਇੱਕ ਪੁੱਤਰ ਬਲਬੀਰ ਸਿੰਘ ਅਮਰੀਕਾ ਵਿਖੇ ਰਹਿ ਰਿਹਾ ਹੈ। ਅਤੀਤ ਚੇਤੇ ਕਰਦਿਆਂ ਮੋਹਣ ਸਿੰਘ ਚਰਖਾ ਕਹਿੰਦਾ ਹੈ, 'ਗਾਇਕੀ ਵਿੱਚ ਖੂਬ ਖਾਧਾ-ਪੀਤਾ, ਬੜੀਆਂ ਸੈਰਾਂ ਕੀਤੀਆਂ, ਪੂਰੇ ਨਜ਼ਾਰੇ ਲਏ, ਪਰ ਕਈ ਵਾਰ ਇਹੋ ਜਿਹਾ ਵੇਲ਼ਾ ਵੀ ਆਉਂਦਾ ਸੀ ਕਿ ਕਈ-ਕਈ ਦਿਨ ਭੁੱਖ ਕੱਟਣੀ ਪੈਂਦੀ। ਜਦੋਂ ਲੁਧਿਆਣੇ ਰਹਿੰਦਾ ਸਾਂ ਤਾਂ ਇੱਕ ਵਾਰ ਪੈਸੇ ਮੁੱਕ ਗਏ, ਹੋਟਲ ਵਾਲੇ ਨੇ ਰੋਟੀ ਦੇਣੋਂ ਨਾਂਹ ਕਰ ਦਿੱਤੀ ਤੇ ਚਾਹ ਵਾਲੇ ਨੇ ਚਾਹ ਪਿਲਾਉਣੀ ਬੰਦ ਕਰ ਦਿੱਤੀ।'

ਪੰਦਰਾਂ-ਸੋਲਾਂ ਸਾਲਾਂ ਤੋਂ ਮੋਹਣ ਸਿੰਘ ਨੇ 'ਚਰਖਾ ਮਿਊਜ਼ੀਕਲ ਗਰੁੱਪ' ਬਣਾਇਆ ਹੋਇਆ ਹੈ, ਜਿੱਥੇ ਉਹ ਸੰਗੀਤ ਸਿੱਖਣ ਦੇ ਚਾਹਵਾਨਾਂ ਨੂੰ ਸੰਗੀਤ ਦੇ ਗੁਰ ਦੱਸਦੈ।' ਦੋ ਬੱਚੀਆਂ ਉਸ ਨਾਲ ਪੱਕੇ ਤੌਰ 'ਤੇ ਜੁੜੀਆਂ ਹੋਈਆਂ ਹਨ ਅਤੇ ਉਹ ਉਨ੍ਹਾਂ ਨਾਲ ਧਾਰਮਿਕ ਪ੍ਰੋਗਰਾਮ ਲਗਾਉਣ ਚਲਾ ਜਾਂਦੈ। ਦੋਹੇਂ ਉਪਨਾਂਅ ਬਰਾਬਰ ਚੱਲਦੇ ਰੱਖਣ ਬਾਰੇ ਉਹ ਆਖਦੈ, 'ਜਦੋਂ ਵਿਆਹ-ਸ਼ਾਦੀ ਜਾਂ ਮੇਲੇ-ਮੁਲੇ ਦਾ ਪ੍ਰੋਗਰਾਮ ਹੁੰਦਾ ਸੀ, ਉਦੋਂ ਮੈਂ ਮੋਹਣ ਸਿੰਘ 'ਚਰਖਾ' ਬਣ ਜਾਂਦਾ ਸੀ ਤੇ ਜਦੋਂ ਕੋਈ ਧਾਰਮਿਕ ਪ੍ਰੋਗਰਾਮ ਆਉਂਦਾ ਤਾਂ ਮੈਂ ਮੋਹਣ ਸਿੰਘ 'ਮੋਹਣ' ਬਣ ਜਾਂਦਾ।' ਹੁਣ ਉਸ ਦੇ ਪਰਿਵਾਰ 'ਚ ਗਾਇਕੀ ਦਾ ਸ਼ੌਕ ਪਾਲਣ ਵਾਲਾ ਕੋਈ ਨਹੀਂ। ਪੂਰਾ ਦਿਨ ਉਹ ਨਵਾਂ ਸ਼ਹਿਰ ਵਿਚਲੇ ਆਪਣੇ ਦਫ਼ਤਰ ਵਿੱਚ ਬਿਤਾਉਂਦਾ ਹੈ ਅਤੇ ਸੂਰਜ ਢਲਦਿਆਂ ਲੰਗੜੋਏ ਪਹੁੰਚ ਜਾਂਦਾ ਹੈ। ਸਾਦੀ ਜ਼ਿੰਦਗੀ ਬਸਰ ਕਰਦਾ ਮੋਹਣ ਸਿੰਘ ਅਤੀਤ ਦੀ ਉਂਗਲ ਫੜੀ ਹੌਸਲੇ ਨਾਲ ਤੁਰਿਆ ਜਾਂਦਾ ਹੈ।

-ਸਵਰਨ ਸਿੰਘ ਟਹਿਣਾ

# ਇੱਕ ਟੀਸ— ਅਣਗੌਲੇ ਗੁਰੂਘਰ

ਨਰੇਸ਼ ਕੁਮਾਰੀ ਸ਼ਰਮਾ
+02041755894



ਗੁਰੂਧਾਮ, ਖਾਸ ਕਰਕੇ ਇਤਿਹਾਸਕ ਜਾਂ ਜਿਨਾਂ ਗੁਰੁਦਵਾਰਿਆਂ ਨੂੰ ਕਿਸੇ ਵੀ ਗੁਰੂ ਮਹਾਰਾਜ ਦੀ ਚਰਨਛੋਹ ਹਾਸਿਲ ਹੋਈ ਹੋਵੇ, ਬਚਾਅ ਕੇ ਰੱਖਣਾ, ਤਾਂ ਕਿ ਰਹਿੰਦੀ ਦੁਨੀਆਂ ਤੱਕ ਲੋਕ ਉਨਾਂ ਮਹਾਨ ਸ਼ਖ਼ਸੀਅਤਾਂ ਨੂੰ ਯਾਦ ਕਰ ਸਕਣ, ਉਨਾਂ ਦੇ ਜੀਵਨ ਨਾਲ ਜੁੜੇ ਸੰਘਰਸ਼ਾਂ,ਉਨਾਂ ਦੁਆਰਾ ਕੀਤੀਆਂ ਕੁਰਬਾਨੀਆਂ ਤੇ ਮਾਨਵਤਾ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਝੱਲੇ ਕਸ਼ਟ ਯਾਦ ਰੱਖ ਸਕਣ। ਇਸਦੇ ਨਾਲ ਹੀ ਆਉਣ ਵਾਲੀਆਂ ਪੀੜ੍ਹੀਆਂ ਵੀ ਇਨਾਂ ਯਾਦਗਾਰਾਂ ਤੋਂ ਸੇਧ ਲੈ ਸਕਣ ਤੇ ਭੁੱਲਣ ਦੀ ਗੁੰਜਾਇਸ਼ ਨਾ ਰਵੇ ।

ਜਿਵੇਂ ਕਿ ਅੱਜ ਕੱਲ ਇੰਟਰਨੈੱਟ ਤੇ ਬਲੌਗ ਜਾਂ ਹੋਰ ਵੀਡੀਓ ਆਦਿ ਆਮ ਉਪਲਬਧ ਹਨ, ਬਹੁਤ ਸਾਰੀਆਂ ਚੀਜ਼ਾਂ ਤੇ ਥਾਵਾਂ ਜਿਨਾਂ ਬਾਰੇ ਸਾਨੂੰ ਬਿਲਕੁਲ ਵੀ ਪਤਾ ਨਹੀਂ ਸੀ ,ਇਸ ਮੀਡੀਆ ਕਾਰਣ ਪਤਾ ਲੱਗਣ ਤੇ ਬੜੀ ਹੈਰਾਨੀ ਵੀ ਹੋਈ ਤੇ ਉਸਤੋਂ ਹਜ਼ਾਰਾਂ ਗੁਣਾਂ ਜ਼ਿਆਦਾ ਦੁਖ ਹੋਇਆ, ਜਦੋਂ ਪਵਿੱਤਰ ਗੁਰਧਾਮਾਂ ਦੀ ਖ਼ਸਤਾ ਹਾਲਤ ਦੇਖੀ। ਕਈਆਂ ਥਾਵਾਂ ਤੇ ਤਾਂ ਸੇਵਾ ਸੰਭਾਲ ਤਾਂ ਦੂਰ ਦੀ ਗੱਲ ਹੈ, ਸਗੋਂ ਇਮਾਰਤਾਂ ਦੀ ਦਿਨੋਂ ਦਿਨ ਨਿੱਘਰਦੀ ਹਾਲਤ ਦੇਖਕੇ ਅੱਖਾਂ ਭਰ ਆਈਆਂ ਕਿਉਂਕਿ ਅਜਿਹੀਆਂ ਥਾਵਾਂ ਤੇ ਕੁਝ ਵੀ ਨਾ ਕਰ ਸਕਣ ਲਈ ਅਸੀਂ ਮਜਬੂਰ ਹਾਂ ਤੇ ਜਿੰਨਾਂ ਦੇ ਹੱਥ ਵਿੱਚ ਸਭ ਕੁਝ ਹੈ ਭਾਵ ਗੁਰੁਦਵਾਰਾ ਕਮੇਟੀਆਂ ਦੇ ਅਹੁਦੇਦਾਰ , ਉਨ੍ਹਾਂ ਦਾ ਸਿਰਫ ਗੋਲਕਾਂ ਵੱਲ ਧਿਆਨ ਹੈ। ਸੋ ਅਜਿਹੀਆਂ ਕਮੇਟੀਆਂ ਨੂੰ ਗੁਰੂਦੁਆਰਾ ਪ੍ਰਬੰਧਕ ਕਮੇਟੀ ਕਹਿਣ ਦੀ ਬਜਾਏ,ਗੋਲਕ ਪ੍ਰਬੰਧਕ ਕਮੇਟੀ ਕਹਿਣਾ ਜਿਆਦਾ ਵਧੀਆ ਰਹੇਗਾ। ਮੈਂ ਇਹ ਗੱਲ ਸਿਰਫ ਪੰਜਾਬ ਨੂੰ ਮੁੱਖ ਰੱਖਕੇ ਹੀ ਨਹੀਂ ਕਹਿ ਰਹੀ, ਸਗੋਂ ਇਸ ਵਿੱਚ ਵਿਸ਼ਵ ਭਰ ਦੇ ਗੁਰੂ ਘਰਾਂ ਦੀਆਂ ਕੁਝ ਕਮੇਟੀਆਂ ਸ਼ਾਮਿਲ ਹਨ।


**ਕੁਝ ਪੂਰੀ ਤਰ੍ਹਾਂ ਅਣਗੌਲੇ ਗੁਰੂ ਘਰ:-**

ਉਂਜ ਤਾਂ ਦਸਾਂ ਗੁਰੂ ਸਾਹਿਬਾਂ ਨਾਲ ਸੰਬੰਧਿਤ ਗੁਰੂਘਰ ਉਨਾਂ ਦੇ ਚਰਨ ਛੋਹ ਕਾਰਨ ਉਸਾਰੇ ਗਏ। ਇਨਾਂ ਵਿੱਚੋਂ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਹਜ਼ਾਰਾਂ ਮੀਲ ਦੀਆਂ ਚਾਰਾਂ ਉਦਾਸੀਆਂ ਦੇ ਕਾਰਣ ਸੈਂਕੜੇ ਹੀ ਗੁਰੂਘਰ ਭਾਰਤ ਤੇ ਭਾਰਤ ਤੋਂ ਬਾਹਰ ਬਣਾਏ ਗਏ। ਪਰ ਵਕਤ ਤੇ ਬਾਦਸ਼ਾਹ ਬਦਲਣ ਨਾਲ ਕੁਝ ਗੁਰੂ ਘਰ ਤਾਂ ਪੂਰੀ ਤਰਾਂ ਢਾਹ ਕੇ ਉਥੇ ਨਿੱਜੀ ਇਮਾਰਤਾਂ ਬਣਾ ਲਈਆਂ ਗਈਆਂ ਜਿਵੇਂ ਬੰਗਲਾ ਦੇਸ਼ ( ਗੁਰਦੁਆਰਾ ,ਨਾਨਕ ਸ਼ਾਹੀ) ਚੀਨ,ਨੇਪਾਲ, ਤਿੱਬਤ ,ਬਗਦਾਦ,ਰੂਸ ਤੇ ਕੁਝ ਕੁ ਪਾਕਿਸਤਾਨ ,ਇਰਾਨ ਇਰਾਕ,ਜੌਰਡਨ,ਵਿੱਚ ਦੂਰ ਦੁਰਾਡੇ ਦੇ ਗੁਰੂਦੁਆਰੇ , ਅਫ਼ਗਾਨਿਸਤਾਨ,( ਗੁਰਦੁਆਰਾ ਬਾਬਾ ਨਾਨਕ ਦੇਵ ਜੀ ਤੇ ਗੁਰ੍ਹ ਚਸ਼ਮਾ ਸਾਹਿਬ ਜਲਾਲਾਬਾਦ,)




ਗੁਰਦੁਆਰਾ ਪਹਿਲੀ ਪਾਤਸ਼ਾਹੀ ,। ਬਗਦਾਦ॥ ਪੂਰੀ ਤਰ੍ਹਾਂ ਢਾ ਦਿੱਤਾ ਗਿਆ , ਸ੍ਰੀ ਲੰਕਾ ਗੁਰੂ ਪਹਿਲੀ ਪਾਤਸ਼ਾਹੀ ਦਾ ਵੀ ਨਾਮੋ ਨਿਸ਼ਾਨ ਨਹੀਂ। ਹੁਣ ਨਵੇਂ ਸਿਰੇ ਤੋਂ ਐਮਰੀਕਾ ਰਹਿੰਦੇ ਇੱਕ ਸਿੱਖ ਪਰਿਵਾਰ ਨੇ ਇਸ ਥਾਂ ਦੁਬਾਰਾ ਤੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਕੰਮ ਅਰੰਭਿਆ ਹੈ। ਲਿਖਣਯੋਗ ਹੈ ਕਿ ਪਾਕਿਸਤਾਨ ਦੀ ਸਰਕਾਰ ਤੇ ਪ੍ਰਬੰਧਕ ਕਮੇਟੀ ਨੇ ਬਹੁਤ ਸਾਰੇ ਗੁਰਦੁਆਰਿਆਂ ਦੀ ਬਹੁਤ ਵਧੀਆ ਸਾਂਭ ਸੰਭਾਲ ਕੀਤੀ ਹੈ ਤੇ ਪੂਰੀ ਮਰਿਆਦਾ ਨਿਭਾਈ ਜਾ ਰਹੀ ਹੈ। ਪਰ ਜ਼ਿਕਰ ਉਨਾਂ ਗੁਰੂਘਰਾਂ ਦਾ ਵੀ ਬਣਦਾ ਹੈ ਜਿਹੜੇ ਏਥੇ ਦੂਰ ਦੁਰਾਡੇ ਤੇ ਪੂਰੀ ਤਰ੍ਹਾਂ ਅਣਗੌਲੇ ਹੋਣ ਦੇ ਨਾਲ ਨਾਲ ਆਖਰੀ ਸਾਹਾਂ ਤੇ ਹਨ , ਜਿੰਨਾਂ ਨੂੰ ਛੇਤੀ ਹੀ ਬਚਾਉਣ ਦੀ ਲੋੜ ਹੈ ਨਹੀਂ ਤਾਂ ਉਹ ਵੀ ਧਰਤੀ ਵਿੱਚ ਮਿਲਕੇ ਉਸੇ ਦਾ ਇੱਕ ਰੂਪ ਹੋ ਜਾਣਗੇ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨਾਂ ਹੀਰਿਆਂ ਦੇ ਦਰਸ਼ਨ ਤਾਂ ਦੂਰ ਨਾਮੋ ਨਿਸ਼ਾਨ ਤੱਕ ਨਹੀਂ ਮਿਲਣਗੇ। ਇਹਨਾਂ ਵਿਚੋਂ ਇੱਕ ਹੈ ਜਿਲਾ ਕਸੂਰ ਦੇ ਪਿੰਡ ਦਫ਼ਤੂ ਤੇ ਕਾਦੀਵਿੰਡ ਵਿਚਾਲੇ,ਤੀਸਰੀ ਪਾਤਸ਼ਾਹੀ,ਗੁਰੂ ਅਮਰਦਾਸ ਜੀ ਨਾਲ ਸੰਬੰਧਿਤ,ਸਿਰਫ ਪਿਲਰਾਂ ਤੇ ਖੜਾ ਗੁਰੂ ਝੜੀ ਸਾਹਿਬ,ਇਨਾਂ ਦੁਆਲੇ ਦੋ ਖੂਹ ਦੱਸੋ ਜਾਂਦੇ ਹਨ,ਜੋ ਹੁਣ ਪੂਰੇ ਜਾ ਚੁਕੇ ਹਨ ਤੇ ਗੁਰੂਘਰ ਦੇ ਨਾਂ ਸੱਤ ਕਿਲੇ ਜ਼ਮੀਨ ਵੀ ਬੋਲਦੀ ਹੈ,ਜਿਸ ਵਿੱਚ ਫਸਲ ਉਗਾਈ ਜਾਂਦੀ ਹੈ। ਇਸੇ ਤਰਾਂ ਪਾਕਿਸਤਾਨੀ ਪੰਜਾਬ ਵਿੱਚ ਜਾਹਮਣ ਪਿੰਡ ਕੋਲ ,ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰੂਘਰ ਦੀ ਜਰ ਜਰ ਹੋਈ ਇਮਾਰਤ ਨੂੰ ਵੇਖਕੇ ਦਿਲ ਭਰ ਆਇਆ,ਜਿਸਦੀਆਂ ਹੁਣੇ ਹੁਣੇ ਡਿੱਗੀਆਂ ਇੱਟਾਂ ਨੇ ਜਿਵੇਂ ਸੀਨੇ ਸੱਟ ਮਾਰੀ ਹੋਵੇ। ਇਸਦੇ ਨਾਲ ਹੀ ਲਾਹੌਰ ਵਿਚ,ਬਾਬੇ ਨਾਨਕ ਸਾਹਿਬ ਦਾ ਨਾਨਕਾ ਘਰ ,ਡੇਰਾ ਚਹਿਲ ਵੀ ਕਿਸੇ ਪਰਿਵਾਰ ਦੁਆਰਾ ਵਰਤਿਆ ਜਾ ਰਿਹਾ ਹੈ,ਗੁਰੁ.ਚੋਆ ਸਾਹਿਬ ( ਰੋਹਤਾਸ ਫੋਰਟ ਨਜ਼ਦੀਕ ) ਦੀ ਵੀ ਮਾੜੀ ਹਾਲਤ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਅਣਗੌਲੇ ਗੁਰੂ ਘਰ ਹਨ ਤੇ ਬੜਾ ਅਫਸੋਸ ਹੁੰਦਾ ਹੈ, ਜਦੋਂ ਭਾਰਤੀ ਤੇ ਵਿਦੇਸ਼ਾਂ ਤੋਂ ਵਾਹਿਗੁਰੂ ਨਾਮ ਲੇਵਾ ਸੰਗਤਾਂ ਸ੍ਰੀ ਕਰਤਾਰਪੁਰ ਸਾਹਿਬ,ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਵਰਗੇ ਗੁਰੂਧਾਮਾਂ ਤੋਂ ਦਰਸ਼ਨ ਕਰਕੇ ਤੇ ਆਪਣੇ ਪੁਰਾਣੇ ਪਿੰਡ ਤੇ ਸਾਥੀਆਂ ਨੂੰ ਮਿਲਕੇ ਮੁੜ ਜਾਂਦੀਆਂ ਹਨ । ਦੁਖ ਤੇ ਹੈਰਾਨੀ ਉਸ ਵੇਲੇ ਜ਼ਿਆਦਾ ਹੁੰਦੀ ਹੈ ਜਦੋਂ ਲਾਹੌਰ ਵਿੱਚ ਸੰਗਤਾਂ ਦੁਆਰਾ ਉਸ ਪਵਿੱਤਰ ਸਥਾਨ, ਜਿੱਥੇ ਪੰਥ ਤੇ ਧਰਮ ਨੂੰ ਬਚਾਉਣ ਖਾਤਰ ਪੰਜਵੇਂ ਨਾਨਕ, ਧੰਨ ਗੁਰੂ ਅਰਜੁਨ ਦੇਵ ਜੀ ਮਹਾਰਾਜ ਨੂੰ ਬੇਹਿਸਾਬ ਤੇ ਜ਼ਾਲਮਾਨਾ ਹੱਦਾਂ ਬੰਨੇ ਤੋੜਕੇ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ, ਸੰਗਤਾਂ ਵੱਲੋਂ ਉਧਰ ਕੋਈ ਤਵੱਜੋਂ ਨਹੀਂ ਦਿੱਤੀ ਜਾਂਦੀ।ਇਸਤੋਂ ਇਲਾਵਾ ਏਥੇ ਸੈਂਕੜੇ ਹੋਰ ਅਣਗੌਲੇ ਗੁਰਧਾਮ ਹਨ, ਜਿੰਨਾਂ ਤੱਕ ਸਾਧ ਸੰਗਤ ਦਾ ਫਰਜ਼ ਹੈ,ਅੱਪੜੇ ਤੇ ਇਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰੇ। ਇਹ ਹੀ ਨਹੀਂ ਸਾਡੇ ਆਪਣੇ ਪੰਜਾਬ ਵਿੱਚ ਕੀਰਤਪੁਰ ਸਾਹਿਬ ਦੇ ਨਗਰ ਅੰਦਰ ਲੱਗਭਗ ਅੱਧੀ ਦਰਜਨ ਗੁਰੂਘਰ ਤੇ ਛੇਵੀਂ ਪਾਤਸ਼ਾਹੀ ਦੁਆਰਾ ਸਿਰਜਿਆ ਇੱਕ ਖੂਬਸੂਰਤ ਇਤਿਹਾਸਕ ਬਾਗ਼ ਵੀ ਹੈ, ਜਿਥੇ ਉਸ ਸਮੇਂ ਤਮਾਮ ਕੀਮਤੀ ਜੜੀ ਬੂਟੀਆਂ ਉਗਾਈਆਂ ਜਾਂਦੀਆਂ ਸਨ ਤੇ ਅਨੇਕਾਂ ਗੰਭੀਰ ਮਰਜਾਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਸਨ। ਇਸਦੇ ਨਾਲ ਹੀ ਜ਼ਿਕਰਯੋਗ ਹੈਕਿ ਅਨੰਦਪੁਰ ਸਾਹਿਬ ਵਿਖੇ ਵੀ ਘੱਟ ਤੋਂ ਘੱਟ ਡੇਢ ਦਰਜਨ ਗੁਰੂ ਘਰ ਹਨ,ਪਰ ਇਨਾਂ ਵਿਚੋਂ ਜ਼ਿਆਦਾਤਰ ਸ਼ਰਧਾਲੂ ਕੇਸਗੜ੍ਹ ਸਾਹਿਬ ਤੇ ਕਿਲਾ ਸਾਹਿਬ ਦੇ ਦਰਸ਼ਨ ਕਰਨ ਹੀ ਜਾਂਦੇ ਹਨ। ਬਾਕੀ ਬੁਰੀ ਤਰਾਂ ਅਣਗੌਲੇ ਹਨ। ਜਦੋਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਮਹਾਨ ਪਵਿੱਤਰ ਅਸਥਾਨ ਨੂੰ ਵਧੀਆ ਤੀਰਥ ਸਥਲ ਬਣਾਕੇ ਐਡਵਰਟਾਈਜ ਕਰਕੇ ਸ਼ਰਧਾਲੂਆਂ ਦੀ ਧਰਮ ਪ੍ਰਤੀ ਆਸਥਾ ਤੇ ਖਿੱਚ ਵਧਾਈ ਜਾ ਸਕਦੀ ਹੈ।




ਇਸਤੋਂ ਇਲਾਵਾ ਭਾਰਤ ਦੇ ਪੂਰਬੀ ਇਲਾਕੇ ਤਿੱਬਤ,ਬੰਗਲਾ ਦੇਸ਼,ਬੰਗਾਲ, ਉੜੀਸਾ ਕੁਝ ਅਜਿਹੇ ਪ੍ਰਦੇਸ਼ ਹਨ ਜਿੰਨ੍ਹਾਂ ਦੀ ਧਰਤੀ ਨੂੰ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹਿੰਦ ਦੀ ਚਾਦਰ ਕਹੇ ਜਾਣ ਵਾਲੇ, ਨੌਵੇਂ ਪਾਤਸ਼ਾਹ,ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਸਿੱਕਮ ਵਿੱਚ ਡੌਂਗ ਮਾਰ ਲੇਕ ਅਜੇ ਵੀ ਮੌਜੂਦ ਹੈ,ਇਹ ਅੱਤ ਦਾ ਠੰਢਾ ਇਲਾਕਾ ਹੋਣ ਕਾਰਨ ਇਥੇ ਸਾਲ ਦਾ ਜ਼ਿਆਦਾ ਸਮਾਂ ਬਰਫ਼ ਪਈ ਰਹਿੰਦੀ ਹੈ। ਇਨਸਾਨੀ ਵਸੋਂ ਤਾਂ ਕਈ ਕੋਹਾਂ ਤੱਕ ਨਹੀਂ ਹੈ, ਪਰ ਪਸ਼ੂ ਪੰਛੀਆਂ ਨੂੰ ਵੀ ਪਾਣੀ ਨਾ ਮਿਲਣ ਕਾਰਨ, ਉਹ ਬਰਫ਼ ਵਿੱਚ ਭਟਕਦੇ ਆਪਣੀ ਜਾਨ ਗਵਾ ਬੈਠਦੇ ਸਨ। ਗੁਰੂ ਨਾਨਕ ਸਾਹਿਬ ਜੀ ਨੂੰ ਆਪਣੀ ਪੂਰਬ ਦੀ ਉਦਾਸੀ ਸਮੇਂ ਜਦੋਂ ਇਹ ਪਤਾ ਲੱਗਾ ਤਾਂ ਉਹ ਕਈ ਕਿਲੋਮੀਟਰ ਚਲਕੇ ਉਥੇ ਪਹੁੰਚੇ। ਆਲੇ ਦੁਆਲੇ ਜੀਵਾਂ ਦੇ ਪਿੰਜਰ ਦੇਖਕੇ ਬੜੇ ਦੁਖੀ ਹੋਏ। ਉਸ ਵੇਲੇ ਉਨਾਂ ਦੇ ਹੱਥ ਵਿੱਚ ਇੱਕ ਡਾਂਗ ਸੀ । ਉਨਾਂ ਨੇ ਬਰਫ਼ ਦੀ ਮੋਟੀ ਪਰਤ ਉੱਤੇ ਡਾਂਗ ਮਾਰੀ ਤਾਂ ਉੱਥੋਂ ਪਾਣੀ ਦਾ ਫੁਹਾਰਾ ਚੱਲ ਪਿਆ। ਥੋੜੀ ਹੀ ਦੇਰ ਵਿੱਚ ਉਥੇ ਪਾਣੀ ਇਕੱਠਾ ਹੋ ਗਿਆ । ਇਸ ਤਰਾਂ ਇਸ ਪਾਣੀ ਨੇ ਝੀਲ ਦਾ ਰੂਪ ਧਾਰਨ ਕਰ ਲਿਆ। ਮਹਾਰਾਜ ਜੀ ਨੇ ਇਸ ਨੂੰ ' ਡਾਂਗ ਮਾਰ ਝੀਲ' ਦਾ ਨਾਂ ਦਿੱਤਾ ਜਿਸਨੂੰ ਸਥਾਨੀ ਲੋਕ ਅੱਜ ਕੱਲ ਗੁਰੂ 'ਡੌਂਗ ਮਾਰ ਲੇਕ' ਦੇ ਨਾਂ ਨਾਲ ਪੁਕਾਰਦੇ ਹਨ। ਇਸ ਝੀਲ ਦੀ ਖਾਸਿਅਤ ਹੈ ਕਿ ਇਸਦੇ ਆਲੇ ਦੁਆਲੇ ਬਰਫ਼ ਦੀ ਮੋਟੀ ਪਰਤ ਜੰਮਣ ਤੇ ਵੀ ਝੀਲ ਦਾ ਪਾਣੀ ਨਹੀਂ ਜੰਮਦਾ। ਨਜ਼ਦੀਕ ਹੀ ਗੁਰੂ ਘਰ ਦੀ ਇਮਾਰਤ ਦੇ ਨਿਸ਼ਾਨ ਮਿਲਦੇ ਹਨ।

ਇਸੇ ਤਰਾਂ ਬਾਬਾ ਜੀ ਅਰਬ ਦੇਸ਼ਾਂ, ਰੂਸ ਚੀਨ, ਸ੍ਰੀ ਲੰਕਾ ਤੇ ਭਾਰਤ ਦੇ ਸ੍ਰੀ ਨਗਰ,ਉੜੀਸਾ,ਮੱਧ ਪ੍ਰਦੇਸ਼ ਕੇਰਲਾ ਤੇ,ਗੁਜਰਾਤ ਵੀ ਗਏ। ਗੁਜਰਾਤ ਦੇ ਲਖਪਤ ਇਲਾਕੇ ਦੇ ਗੁ ਘਰ ਦੀ ਜਰ ਜਰ ਹਾਲਤ ਦੇਖੀ ਨਹੀਂ ਜਾਂਦੀ। ਉੜੀਸਾ ਵਿੱਚ ਵੀ ਗੁਰੂ ਘਰਾਂ ਦੇ ਰੂਪ ਹੀ ਬਦਲੇ ਜਾ ਚੁੱਕੇ ਹਨ। ਬਾਹਰਲੇ ਮੁਲਕਾਂ ਭਾਰਤ ਦੇ ਪੰਜਾਬ ਤੋਂ ਬਾਹਰਲੇ ਰਾਜਾਂ ਵਿੱਚ ਦਖਲ ਦੇਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਭਾਂਵੇ ਮੁਸ਼ਕਿਲ ਹੈ ਪਰ ਅਸੰਭਵ ਨਹੀਂ। ਜੇ ਖਾਲਸੇ ਲਈ ਸੱਚੀ ਆਸਥਾ ਤੇ ਸ਼ਰਧਾ ਰੱਖੀ ਜਾਵੇ ਤੇ ਗੋਲਕ ਦੀ ਲੜਾਈ ਛੱਡਕੇ ਇਨਾਂ ਗੁਆਚਦੇ ਜਾਂਦੇ ਖਜ਼ਾਨਿਆਂ ਦੀ ਸਾਂਭ ਸੰਭਾਲ ਵੱਲ ਸਿਆਸਤ ਤੇ ਰਾਜਨੀਤੀ ਦੀ ਮਦਦ ਨਾਲ ਤਨਦੇਹੀ ਨਾਲ ਕਦਮ ਪੁੱਟੇ ਜਾਣ ਤਾਂ, ਅਸੰਭਵ ਕੁਝ ਵੀ ਨਹੀਂ। ਇਸਦੇ ਨਾਲ ਹੀ ਮੇਰੀ ਸੰਸਾਰ ਦੇ ਖਾਲਸਾ ਦੇ ਨਾਮ ਲੇਵਾ ਸੰਗਤ ਨੂੰ ਹੱਥ ਬੰਨ੍ਹਕੇ ਬੇਨਤੀ ਹੈ ਕਿ ਇਹ ਕਿਸੇ ਇੱਕ ਸੰਸਥਾ ਜਾਂ ਬੰਦੇ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਭ ਦੇ ਇਕੱਜੁਟ ਹੋ ਕੇ ਪੂਰੀ ਪਲਾਨਿੰਗ ਨਾਲ ਇੱਕ ਇੱਕ ਅਣਗੌਲੇ ਗੁਰੂ ਘਰ ਦੀ ਸੇਵਾ ਕਰਨ ਦੀ ਲੋੜ ਹੈ।

# KWALITY
## MINI BAZAAR


**Store's Name and address:**

1. **Kwality Mini Bazaar Papatoetoe**
   286 Great South Road, Papatoetoe, Auckland -2025
2. **Kwality Mini Bazaar Botany**
   5/2 Bishop Dunn Place, Flat Bush, Auckland - 2013
3. **Kwality Mini Bazaar Manurewa**
   88F Great South Road, Takanini- 2112
4. **Kwality Mini Bazaar Papakura**
   305 Great South Road, Takanini, Auckland - 2112

ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ

**KWALITY MINI BAZAAR**

PATOETOE
PAPAKURA
MANUREWA



First in service
THIRSTY LIQUOR
First in value

**Over 200 Liquor Stores Nationwide**

Join the fastest gowing liquor franchise in NZ! If you would like to discuss any liquor store business opportunities do not hesitate to contact any one of the team.


Black Bull LIQUOR
NO BULL, JUST THE BEST

**Tina 021 854 786**
**Jack 021 783 488**


# Travel Point

**0800 66 11 88**

*Specialist for Indian Subcontinent Travel*



Competitive Pricing
Trusted Service
Customer Focus
Leisure & Business Travel
Group & Tour Bookings



**TICKETING**
**TOURS**
**HOLIDAYS**



SANDRINGHAM OFFICE
521 Sandringham Road
Sandringham, Auckland, Ph: 09-815 3595

PAPATOETOE OFFICE
14 East Tamaki Road,
Papatoetoe, Auckland, Ph: 09-277 0592

Emergency 24/7: 027 491 8583 www.travelpoint.co.nz

# ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦੀ ਵੱਡੀ ਜਿੱਤ, RO-ARO ਪ੍ਰੀਖਿਆ ਮੁਲਤਵੀ




ਪ੍ਰਯਾਗਰਾਜ : ਪ੍ਰਯਾਗਰਾਜ 'ਚ ਵਿਦਿਆਰਥੀ ਭਾਈਚਾਰੇ ਦੀ ਵੱਡੀ ਜਿੱਤ ਹੋਈ ਹੈ। ਉੱਤਰ ਪ੍ਰਦੇਸ਼ ਪਬਲਿਕ ਸਰਵਿਸ ਕਮਿਸ਼ਨ (UPPSC) ਨੇ ਵਿਦਿਆਰਥੀਆਂ ਦੀਆਂ ਪ੍ਰਮੁੱਖ ਮੰਗਾਂ ਨੂੰ ਸਵੀਕਾਰ ਕਰਦੇ ਹੋਏ ਅਹਿਮ ਫ਼ੈਸਲਾ ਲਿਆ ਹੈ। ਸੋਮਵਾਰ ਤੋਂ ਵਿਦਿਆਰਥੀਆਂ ਦੇ ਲਗਾਤਾਰ ਵਿਰੋਧ ਤੋਂ ਬਾਅਦ, UPPSC ਨੇ PSC (ਸਟੇਟ ਪਬਲਿਕ ਸਰਵਿਸ ਕਮਿਸ਼ਨ) ਅਤੇ RO/ARO (ਰਿਵਾਈਜ਼ਿੰਗ ਅਫਸਰ/ ASSISTANT REVIEW OFFICER) ਦੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਹਨ। ਇਸ ਫੈਸਲੇ ਨੇ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੱਤੀ ਹੈ ਅਤੇ ਉਨ੍ਹਾਂ ਦੇ ਅੰਦੋਲਨ ਨੂੰ ਸਫਲਤਾ ਵੱਲ ਇੱਕ ਕਦਮ ਹੋਰ ਅੱਗੇ ਵਧਾਇਆ ਹੈ। ਪ੍ਰਦਰਸ਼ਨਕਾਰੀਆਂ ਦਾ ਇੱਕ ਮੁੱਖ ਮੁੱਦਾ ਇਹ ਸੀ ਕਿ ਯੂਪੀਪੀਐਸਸੀ ਦੀ ਪ੍ਰੀਖਿਆ ਦੋ ਸ਼ਿਫਟਾਂ ਵਿੱਚ ਕਰਵਾਈ ਗਈ ਸੀ, ਜਿਸ ਕਾਰਨ ਸਮੇਂ ਦੀ ਕਮੀ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਵਿਦਿਆਰਥੀਆਂ ਦੀ ਮੰਗ ਨੂੰ ਸਵੀਕਾਰ ਕਰਦੇ ਹੋਏ ਯੂਪੀਪੀਐਸਸੀ ਨੇ ਫ਼ੈਸਲਾ ਕੀਤਾ ਹੈ ਕਿ ਪੀਸੀਐੱਸ ਪ੍ਰੀਲਿਮਿਨਰੀ ਪ੍ਰੀਖਿਆ 2024 ਹੁਣ ਇੱਕ ਸ਼ਿਫਟ ਵਿੱਚ ਆਯੋਜਿਤ ਕੀਤੀ ਜਾਵੇਗੀ। ਇਸ ਫ਼ੈਸਲੇ ਨਾਲ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦਾ ਹੱਲ ਹੋਵੇਗਾ ਅਤੇ ਪ੍ਰੀਖਿਆ ਪ੍ਰਕਿਰਿਆ ਆਸਾਨ ਹੋ ਜਾਵੇਗੀ। ਇਸ ਤੋਂ ਇਲਾਵਾ, UPPSC ਨੇ (ਰਿਵਾਈਜ਼ਿੰਗ ਅਫਸਰ) ਅਤੇ ARO (ASSISTANT REVIEW OFFICER) ਦੀ ਪ੍ਰੀਖਿਆ ਨੂੰ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਕਦਮ ਵਿਦਿਆਰਥੀਆਂ ਦੀਆਂ ਲਗਾਤਾਰ ਮੰਗਾਂ ਤੋਂ ਬਾਅਦ ਚੁੱਕਿਆ ਗਿਆ ਹੈ, ਜੋ ਇਹ ਪ੍ਰੀਖਿਆਵਾਂ ਇਕੱਠੇ ਕਰਵਾਉਣ ਦੇ ਖ਼ਿਲਾਫ਼ ਸਨ। ਇਸ ਫ਼ੈਸਲੇ ਨਾਲ ਵਿਦਿਆਰਥੀਆਂ ਨੂੰ ਆਪਣੀ ਤਿਆਰੀ ਲਈ ਢੁੱਕਵਾਂ ਸਮਾਂ ਮਿਲੇਗਾ ਅਤੇ ਮਾਨਸਿਕ ਸ਼ਾਂਤੀ ਮਿਲੇਗੀ। ਇਸ ਬਦਲਾਅ ਪਿੱਛੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਪਹਿਲਕਦਮੀ ਮੰਨੀ ਜਾ ਰਹੀ ਹੈ। ਮੁੱਖ ਮੰਤਰੀ ਨੇ ਵਿਦਿਆਰਥੀਆਂ ਦੇ ਅੰਦੋਲਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲਿਆ ਅਤੇ ਕਮਿਸ਼ਨ ਨੂੰ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਦੇ ਮੁੱਦਿਆਂ 'ਤੇ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਯੋਗੀ ਨੇ ਕਿਹਾ ਸੀ ਕਿ ਯੂਪੀਪੀਐਸਸੀ ਨੂੰ ਵਿਦਿਆਰਥੀਆਂ ਦੇ ਹਿੱਤ ਵਿੱਚ ਸਹੀ ਅਤੇ ਜ਼ਰੂਰੀ ਫ਼ੈਸਲੇ ਲੈਣੇ ਚਾਹੀਦੇ ਹਨ, ਤਾਂ ਜੋ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕੀਤਾ ਜਾ ਸਕੇ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਮਿਸ਼ਨ ਨੂੰ ਵਿਦਿਆਰਥੀਆਂ ਨਾਲ ਨਿਯਮਤ ਸੰਚਾਰ ਰੱਖਣ ਅਤੇ ਉਨ੍ਹਾਂ ਦੇ ਵਿਚਾਰਾਂ ਅਤੇ ਮੰਗਾਂ ਦਾ ਸਨਮਾਨ ਕਰਨ ਲਈ ਕਿਹਾ ਸੀ।

ਉਨ੍ਹਾਂ ਦੇ ਤਾਲਮੇਲ ਨਾਲ ਇਹ ਫੈਸਲਾ ਕੀਤਾ ਗਿਆ ਕਿ ਪ੍ਰੀਖਿਆਵਾਂ ਕਰਵਾਉਣ ਦੀ ਪ੍ਰਕਿਰਿਆ ਨੂੰ ਵਿਦਿਆਰਥੀਆਂ ਦੀਆਂ ਲੋੜਾਂ ਮੁਤਾਬਕ ਢਾਲਿਆ ਜਾਵੇ। UPPSC ਨੇ RO-PRO (ਰਿਵਾਈਜ਼ਿੰਗ ਅਫ਼ਸਰ-ਅਸਿਸਟੈਂਟ ਰਿਵਿਊ ਅਫ਼ਸਰ) ਪ੍ਰੀਖਿਆ ਦੇ ਸਬੰਧ ਵਿੱਚ ਵਿਦਿਆਰਥੀਆਂ ਦੇ ਸਵਾਲਾਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਇੱਕ ਕਮੇਟੀ ਬਣਾਉਣ ਦਾ ਵੀ ਫ਼ੈਸਲਾ ਕੀਤਾ ਹੈ। ਇਹ ਕਮੇਟੀ ਸਾਰੇ ਪਹਿਲੂਆਂ 'ਤੇ ਵਿਚਾਰ ਕਰਕੇ ਆਪਣੀ ਵਿਸਤ੍ਰਿਤ ਰਿਪੋਰਟ ਸੌਂਪੇਗੀ। ਇਸ ਰਿਪੋਰਟ ਨੂੰ ਧਿਆਨ ਵਿੱਚ ਰੱਖਦਿਆਂ ਭਵਿੱਖ ਵਿੱਚ ਪ੍ਰੀਖਿਆ ਸੰਚਾਲਨ ਪ੍ਰਕਿਰਿਆ ਵਿੱਚ ਸੁਧਾਰ ਲਈ ਉਪਾਅ ਕੀਤੇ ਜਾਣਗੇ।




# ਕਾਂਗਰਸ ਨੇ ਸੋਇਆਬੀਨ ਖਰੀਦ ਦੇ ਮੁੱਦੇ 'ਤੇ ਮਹਾਰਾਸ਼ਟਰ ਸਰਕਾਰ ਦੀ ਕੀਤੀ ਆਲੋਚਨਾ

ਨਵੀਂ ਦਿੱਲੀ : ਮਹਾਗਠਜੋੜ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਾਂਗਰਸ ਨੇ ਵੀਰਵਾਰ ਨੂੰ ਦਾਅਵਾ ਕੀਤਾ ਕਿ ਮਹਾਰਾਸ਼ਟਰ ਨੇ ਸਿਰਫ਼ 3,888 ਮੀਟ੍ਰਿਕ ਟਨ ਸੋਇਆਬੀਨ ਦੀ ਖਰੀਦ ਕੀਤੀ ਹੈ, ਜਦੋਂ ਕਿ ਤੇਲੰਗਾਨਾ ਨੇ ਲਗਭਗ 25,000 ਮੀਟ੍ਰਿਕ ਟਨ ਸੋਇਆਬੀਨ ਦੀ ਖਰੀਦ ਕੀਤੀ ਹੈ। ਪਾਰਟੀ ਨੇ ਕਿਹਾ ਕਿ ਇਹ ਉਹਨਾਂ ਲੋਕਾਂ ਦੇ ਵਿਚਕਾਰ ਦਾ ਅੰਤਰ ਹੈ, ਜੋ "ਕਿਸਾਨ ਦੀ ਭਲਾਈ ਲਈ ਵਚਨਬੱਧ ਹਨ ਅਤੇ ਜੋ ਆਪਣੇ ਘਰ ਅਤੇ ਸੱਤਾ ਨੂੰ ਭਰਨ ਲਈ ਵਚਨਬੱਧ ਹਨ।" ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਮਹਾਰਾਸ਼ਟਰ ਵਿੱਚ ਸੋਇਆਬੀਨ ਦੀ ਖਰੀਦ ਦੀ ਮਿਆਦ ਦੂਜੇ ਰਾਜਾਂ ਦੇ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਇਹ ਸਿਰਫ਼ 15 ਦਿਨਾਂ ਵਿੱਚ ਖ਼ਤਮ ਹੋ ਜਾਵੇਗੀ। ਉਹਨਾਂ ਕਿਹਾ ਕਿ, "ਇਸ ਥੋੜੇ ਸਮੇਂ ਵਿੱਚ, ਰਾਜ ਨੇ ਲਗਭਗ 3,888 ਮੀਟ੍ਰਿਕ ਟਨ ਸੋਇਆਬੀਨ ਦੀ ਖਰੀਦ ਕੀਤੀ ਹੈ, ਜਦੋਂ ਕਿ ਮਨਜ਼ੂਰ ਮਾਤਰਾ 13,08,238 ਮੀਟ੍ਰਿਕ ਟਨ ਹੈ।" ਯਾਨੀ ਸਿਰਫ਼ 0.3 ਫ਼ੀਸਦੀ ਟੀਚਾ ਪੂਰਾ ਹੋਇਆ ਹੈ। ਰਮੇਸ਼ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ, ''ਗੁਆਂਢੀ ਸੂਬੇ ਤੇਲੰਗਾਨਾ 'ਚ ਕਾਂਗਰਸ ਦੀ ਸਰਕਾਰ ਹੈ। ਇਸ ਦੌਰਾਨ ਇਸ ਨੇ ਲਗਭਗ 25,000 ਮੀਟ੍ਰਿਕ ਟਨ ਸੋਇਆਬੀਨ ਦੀ ਖਰੀਦ ਕੀਤੀ ਹੈ, ਜੋ ਕਿ ਟੀਚੇ ਦਾ 50 ਫ਼ੀਸਦੀ ਹੈ।'' ਮਹਾਰਾਸ਼ਟਰ ਦੀ ਮਹਾਯੁਤੀ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਾਂਗਰਸ ਨੇਤਾ ਨੇ ਕਿਹਾ, ''ਦੋਹਾਂ ਪਾਰਟੀਆਂ 'ਚ ਇਹੀ ਫ਼ਰਕ ਹੈ। ਅਸੀਂ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹਾਂ ਅਤੇ ਉਹ ਸਿਰਫ਼ ਆਪਣੇ ਘਰ ਭਰਨ ਅਤੇ ਸੱਤਾ ਦਾ ਸੁੱਖ ਭੋਗਣ ਵਿੱਚ ਰੁੱਝੇ ਹੋਏ ਹਨ।'' ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਕਿਸਾਨ ਸਵਾਮੀਨਾਥਨ ਕਮਿਸ਼ਨ ਦੇ 'ਫਾਰਮੂਲੇ' ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਅਤੇ ਇਸ ਨੂੰ ਕਾਨੂੰਨੀ ਦਰਜਾ ਦਿਵਾਉਣ ਲਈ ਕਾਂਗਰਸ ਅਤੇ ਮਹਾਂ ਵਿਕਾਸ ਅਗਾੜੀ (ਐਮਵੀਏ) ਨੂੰ ਵੋਟ ਕਰਨਗੇ। ਰਮੇਸ਼ ਦੀਆਂ ਇਹ ਟਿੱਪਣੀਆਂ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਦਾਅਵਾ ਕਰਨ ਤੋਂ ਕੁਝ ਦਿਨ ਬਾਅਦ ਆਈਆਂ



ਹਨ ਕਿ ਮਹਾਰਾਸ਼ਟਰ ਵਿੱਚ ਸੋਇਆਬੀਨ ਅਤੇ ਕਪਾਹ ਦੇ ਕਿਸਾਨ ਭਾਜਪਾ ਸਰਕਾਰ ਦੀਆਂ "ਕਿਸਾਨ ਵਿਰੋਧੀ" ਨੀਤੀਆਂ ਕਾਰਨ ਨਿਰਾਸ਼ ਹਨ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਸੀ ਕਿ ਸੂਬੇ ਵਿੱਚ 'ਭਾਰਤ' ਗੱਠਜੋੜ ਦੀ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਦੇ ਮਸਲੇ ਹੱਲ ਕੀਤੇ ਜਾਣਗੇ। ਗਾਂਧੀ ਨੇ ਕਿਹਾ ਸੀ ਕਿ 2021 'ਚ ਸੋਇਆਬੀਨ ਦੀ ਕੀਮਤ 10,000 ਰੁਪਏ ਤੱਕ ਸੀ ਪਰ ਹੁਣ ਕਿਸਾਨ ਇਸ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਤੋਂ ਘੱਟ 'ਤੇ ਵੇਚਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਸੀ ਕਿ ਸੋਇਆਬੀਨ ਦਾ ਘੱਟੋ-ਘੱਟ ਸਮਰਥਨ ਮੁੱਲ 4,892 ਰੁਪਏ ਹੈ ਪਰ ਕਿਸਾਨਾਂ ਨੂੰ ਇਸ ਨੂੰ 4,200 ਰੁਪਏ ਜਾਂ ਇਸ ਤੋਂ ਵੀ ਘੱਟ ਕੀਮਤ 'ਤੇ ਵੇਚਣਾ ਪੈਂਦਾ ਹੈ।

# ਰਣਵੀਰ ਸਿੰਘ ਨੇ ਖ਼ਾਸ ਅੰਦਾਜ਼ 'ਚ ਦੀਪਿਕਾ ਨੂੰ ਮੈਰਿਜ Aninversary ਦੀ ਦਿੱਤੀ ਵਧਾਈ





ਮੁੰਬਈ- ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਬਾਲੀਵੁੱਡ ਦੀਆਂ ਮਸ਼ਹੂਰ ਜੋੜੀਆਂ ਵਿੱਚੋਂ ਇੱਕ ਹਨ। ਲੱਖਾਂ ਲੋਕ ਇਸ ਜੋੜੀ ਦੇ ਪ੍ਰਸ਼ੰਸਕ ਹਨ ਅਤੇ ਉਨ੍ਹਾਂ ਨੂੰ ਆਪਣਾ ਆਈਡਲ ਮੰਨਦੇ ਹਨ। ਅੱਜ ਯਾਨੀ 14 ਨਵੰਬਰ ਨੂੰ ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਆਪਣੇ ਵਿਆਹ ਦੀ ਛੇਵੀਂ ਵਰ੍ਹੇਗੰਢ ਮਨਾ ਰਹੇ ਹਨ। ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਦੀ ਧੀ ਦੇ ਆਉਣ ਤੋਂ ਬਾਅਦ ਇਹ ਜੋੜੀ ਦੀ ਪਹਿਲੀ ਵਰ੍ਹੇਗੰਢ ਹੈ। ਇਸ ਖਾਸ ਮੌਕੇ 'ਤੇ ਰਣਵੀਰ ਸਿੰਘ ਨੇ ਆਪਣੀ ਪਤਨੀ ਦੀਪਿਕਾ ਪਾਦੂਕੋਣ ਲਈ ਖਾਸ ਪੋਸਟ ਕੀਤੀ ਹੈ। ਇਸ ਪੋਸਟ 'ਚ ਅਦਾਕਾਰ ਨੇ ਪਤਨੀ ਦੀਪਿਕਾ ਲਈ ਇੱਕ ਪਿਆਰਾ ਕੈਪਸ਼ਨ ਵੀ ਲਿਖਿਆ ਹੈ।

ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ 14 ਨਵੰਬਰ ਨੂੰ ਆਪਣੇ ਵਿਆਹ ਦੀ ਵਰ੍ਹੇਗੰਢ ਮਨਾ ਰਹੇ ਹਨ। ਇਸ ਮੌਕੇ 'ਤੇ ਰਣਵੀਰ ਨੇ ਕੁਝ ਤਸਵੀਰਾਂ ਅਤੇ ਵੀਡੀਓਜ਼ ਇੰਸਟਾਗ੍ਰਾਮ 'ਤੇ ਸ਼ੇਅਰ ਕੀਤੀਆਂ ਹਨ। ਰਣਵੀਰ ਸਿੰਘ ਨੇ ਇੱਕ ਪਿਆਰਾ ਕੈਪਸ਼ਨ ਲਿਖਿਆ ਹੈ। ਰਣਵੀਰ ਸਿੰਘ ਨੇ ਪੋਸਟ ਦੇ ਕੈਪਸ਼ਨ 'ਚ ਲਿਖਿਆ, ''ਹਰ ਦਿਨ ਪ੍ਰਸ਼ੰਸਾ ਦਾ ਦਿਨ ਹੁੰਦਾ ਹੈ ਪਰ ਅੱਜ ਮੁੱਖ ਦਿਨ ਹੈ। #HappyAninversary @DeeipkaPadukone ਮੈਂ ਤੁਹਾਨੂੰ ਪਿਆਰ ਕਰਦਾ ਹਾਂ।

ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਦੋਵੇਂ ਸਤੰਬਰ ਮਹੀਨੇ 'ਚ ਮਾਤਾ-ਪਿਤਾ ਬਣੇ ਸਨ।

ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਦੇ ਘਰ 8 ਸਤੰਬਰ 2024 ਨੂੰ ਧੀ ਨੂੰ ਜਨਮ ਦਿੱਤਾ। ਜੋੜੇ ਨੇ ਇੰਸਟਾਗ੍ਰਾਮ 'ਤੇ ਧੀ ਲਈ ਇਕ ਸਵਾਗਤੀ ਪੋਸਟ ਸ਼ੇਅਰ ਕਰਕੇ ਪ੍ਰਸ਼ੰਸਕਾਂ ਨੂੰ ਖੁਸ਼ਖਬਰੀ ਦਿੱਤੀ ਹੈ। ਦੀਵਾਲੀ ਦੇ ਮੌਕੇ 'ਤੇ ਜੋੜੇ ਨੇ ਆਪਣੀ ਧੀ ਦੇ ਪੈਰਾਂ ਦੀ ਝਲਕ ਦਿਖਾਈ । ਇਸ ਪੋਸਟ ਰਾਹੀਂ ਜੋੜੇ ਨੇ ਆਪਣੀ ਧੀ ਦਾ ਨਾਂ 'ਦੁਆ' ਦੱਸਿਆ। ਧੀ ਦੇ ਆਉਣ ਤੋਂ ਬਾਅਦ ਇਹ ਜੋੜਾ ਕਾਫੀ ਖੁਸ਼ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ ਪਹਿਲਾਂ ਨਾਲੋਂ ਜ਼ਿਆਦਾ ਖੁਸ਼ੀਆਂ ਨਾਲ ਭਰ ਗਈ ਹੈ।

ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ 14 ਨਵੰਬਰ 2018 ਨੂੰ ਇੱਕ ਦੂਜੇ ਨਾਲ ਵਿਆਹ ਦੇ ਬੰਧਨ ਵਿੱਚ ਬੱਝੇ ਸਨ। ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਦਾ ਵਿਆਹ ਇਟਲੀ ਦੇ ਖ਼ੂਬਸੂਰਤ ਲੇਕ ਕੋਮੋ ਦੇ ਵਿਲਾ ਡੇਲ ਬਾਲਬਿਆਨੇਲੋ ਵਿਖੇ ਹੋਇਆ। ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਨੇ ਸਾਲ 2024 ਵਿੱਚ ਵਿਆਹ ਦੇ ਛੇ ਸਾਲ ਪੂਰੇ ਕਰ ਲਏ ਹਨ।

# ਕੁੱਲ੍ਹੜ ਪਿੱਜ਼ਾ ਕੱਪਲ ਨੂੰ ਸਕਿਓਰਿਟੀ ਮਿਲਣ ਮਗਰੋਂ ਹੋ ਗਿਆ ਵੱਡਾ ਕਾਂਡ





ਜਲੰਧਰ : ਜਲੰਧਰ ਦਾ ਕੁੱਲ੍ਹੜ ਪਿੱਜ਼ਾ ਕੱਪਲ ਆਏ ਦਿਨ ਸੁਰਖੀਆਂ 'ਚ ਰਹਿੰਦਾ ਹੈ। ਹਾਲ ਹੀ 'ਚ ਸਹਿਜ ਅਰੋੜਾ ਦੀ ਪਤਨੀ ਗੁਰਪ੍ਰੀਤ ਕੌਰ ਦੇ ਇੰਸਟਾਗ੍ਰਾਮ ਅਕਾਊਂਟ ਤੋਂ ਕਿਸੇ ਅਣਜਾਣ ਸ਼ਖ਼ਸ਼ ਦੀਆਂ ਤਸਵੀਰਾਂ ਪੋਸਟ ਕੀਤੀਆਂ ਗਈਆਂ, ਜਿਸ ਨੇ ਇੰਟਰਨੈੱਟ 'ਤੇ ਤਰਥੱਲੀ ਮਚਾ ਦਿੱਤੀ ਹੈ। ਜਦੋਂ ਹੀ ਇਨ੍ਹਾਂ ਤਸਵੀਰਾਂ ਨੂੰ ਯੂਜ਼ਰਸ ਨੇ ਦੇਖਿਆ ਤਾਂ ਜੋੜੇ ਦਾ ਅਕਾਊਂਟ ਹੈਕ ਹੋਣ ਦੀ ਚਰਚਾ ਹਰ ਪਾਸੇ ਹੋਣ ਲੱਗੀ।

**ਕੀ ਹੈਕ ਹੋਇਆ ਇੰਸਟਾਗ੍ਰਾਮ ਅਕਾਊਂਟ?**

ਦੱਸ ਦੇਈਏ ਕਿ ਗੁਰਪ੍ਰੀਤ ਦੇ ਅਕਾਊਂਟ 'ਤੇ ਕਿਸੇ ਅਣਜਾਣ ਸ਼ਖ਼ਸ਼ ਦੀਆਂ ਇੱਕ ਨਹੀਂ ਬਲਕਿ ਕਈ ਤਸਵੀਰਾਂ ਪੋਸਟ ਕੀਤੀਆਂ ਗਈਆਂ ਹਨ। ਹਾਲਾਂਕਿ ਕੁਝ ਹੀ ਮਿੰਟਾਂ 'ਚ ਇਨ੍ਹਾਂ ਤਸਵੀਰਾਂ ਨੂੰ ਡਿਲੀਟ ਕਰ ਦਿੱਤਾ ਗਿਆ ਸੀ। ਹਾਲਾਂਕਿ ਉਨ੍ਹਾਂ ਦਾ ਅਕਾਊਂਟ ਹੈਕ ਹੋਇਆ ਹੈ, ਜਾਂ ਨਹੀਂ ਇਸ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

ਦੱਸ ਦੇਈਏ ਕਿ ਹਾਲ ਹੀ 'ਚ ਜਲੰਧਰ ਦੇ ਕੁੱਲ੍ਹੜ ਪਿੱਜ਼ਾ ਕੱਪਲ ਨੂੰ ਸੁਰੱਖਿਆ ਦਿੱਤੀ ਹੈ। ਉਨ੍ਹਾਂ ਦੀ ਸੁਰੱਖਿਆ 'ਚ 2 ਤੈਨਾਤ ਰਹਿਣਗੇ। ਇੱਕ ਪੀ. ਸੀ. ਆਰ. ਦੀ ਗੱਡੀ ਵੀ ਉਨ੍ਹਾਂ ਦੇ ਘਰ ਅਤੇ ਰੈਸਟੋਰੈਂਟ ਦੀ ਰਖਵਾਲੀ ਕਰੇਗੀ ਅਤੇ ਪੁਲਸ ਦੀ ਨਜ਼ਰ ਇਨ੍ਹਾਂ 'ਤੇ ਬਣੀ ਰਹੇਗੀ।

ਜ਼ਿਕਰਯੋਗ ਹੈ ਕਿ ਕੁੱਲ੍ਹੜ ਪਿੱਜ਼ਾ ਕੱਪਲ ਸਹਿਜ ਅਰੋੜਾ ਅਤੇ ਗੁਰਪ੍ਰੀਤ ਕੌਰ ਨੇ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ ਅਤੇ ਆਪਣੀ ਜਾਨ ਨੂੰ ਖ਼ਤਰੇ ਦਾ ਹਵਾਲਾ ਦਿੰਦੇ ਹੋਏ ਸੁਰੱਖਿਆ ਦੀ ਮੰਗ ਕੀਤੀ ਸੀ। ਪਟੀਸ਼ਨ ਵਿੱਚ ਕੁੱਲ੍ਹੜ ਪਿੱਜ਼ਾ ਕੱਪਲ ਨੇ ਨਿਹੰਗ ਮਾਨ ਸਿੰਘ ਦੇ ਵਿਰੋਧ ਮਗਰੋਂ ਆਪਣੀ ਜਾਨ ਨੂੰ ਖ਼ਤਰਾ ਦੱਸਦੇ ਹਾਈਕੋਰਟ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਜਿਸ 'ਤੇ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ ਅਤੇ ਦੋਵਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਸਨ।

ਜਲੰਧਰ ਦੇ ਏ .ਸੀ. ਪੀ. ਨੇ ਹਾਈਕੋਰਟ ਨੂੰ ਜਾਣਕਾਰੀ ਦਿੰਦੇ ਇਹ ਵੀ ਕਿਹਾ ਕਿ ਦੋਵਾਂ ਨੂੰ ਮਿਲੀ ਧਮਕੀ ਦਾ ਅਜੇ ਵੀ ਮੁਲਾਂਕਣ ਕੀਤਾ ਜਾ ਰਿਹਾ ਹੈ ਅਤੇ ਉਸ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਉਥੇ ਹੀ ਦੂਜੇ ਪਾਸੇ ਕੁੱਲ੍ਹੜ ਪਿੱਜ਼ਾ ਕੱਪਲ ਦੇ ਵਕੀਲ ਨੇ ਹਾਈਕੋਰਟ ਨੂੰ ਦੱਸਿਆ ਕਿ ਉਨ੍ਹਾਂ ਨੂੰ ਪਿਛਲੇ ਦੋ ਹਫ਼ਤਿਆਂ ਤੋਂ ਕੁਝ ਗੈਂਗਸਟਰਾਂ ਵੱਲੋਂ ਧਮਕੀਆਂ ਮਿਲ ਰਹੀਆਂ ਹਨ ਅਤੇ ਇਸ ਸਬੰਧੀ ਲਿਖਤੀ ਰੂਪ ਵਿੱਚ ਪੂਰੀ ਜਾਣਕਾਰੀ ਅਗਲੀ ਸੁਣਵਾਈ ਤੱਕ ਦੇ ਦੇਣਗੇ।

# 15 ਲੱਖ 'ਚ ਵਿਕੀ ਗਾਇਕ ਕਰਨ ਔਜਲਾ ਦੇ ਦਿੱਲੀ ਕੰਸਰਟ ਦੀ ਟਿਕਟ




ਜਲੰਧਰ- ਪੰਜਾਬੀ ਗਾਇਕ ਕਰਨ ਔਜਲਾ ਅੱਜ ਕਿਸੇ ਪਛਾਣ ਦੇ ਮੋਹਤਾਜ ਨਹੀਂ ਹਨ। ਫਿਲਮ 'ਬੈਡ ਨਿਊਜ਼' ਦੇ ਗੀਤ 'ਤੌਬਾ ਤੌਬਾ' ਨਾਲ ਲਾਈਮਲਾਈਟ 'ਚ ਆਏ ਕਰਨ ਔਜਲਾ ਇਨ੍ਹੀਂ ਦਿਨੀਂ ਪ੍ਰਸਿੱਧੀ ਦੇ ਸਿਖਰ 'ਤੇ ਹਨ। ਨਵੀਂ ਦਿੱਲੀ 'ਚ ਪੰਜਾਬੀ ਪੌਪਸਟਾਰ ਸਿੰਗਰ ਕਰਨ ਔਜਲਾ ਦੇ ਕੰਸਰਟ 'ਇਟ ਵਾਜ਼ ਆਲ ਏ ਡ੍ਰੀਮ ਟੂਰ' ਦੀਆਂ ਟਿਕਟਾਂ 5 ਲੱਖ ਤੋਂ 15 ਲੱਖ ਰੁਪਏ 'ਚ ਵਿਕ ਰਹੀਆਂ ਹਨ।ਕਰਨ ਔਜਲਾ ਦੀ 'ਇਟ ਵਾਜ਼ ਆਲ ਏ ਡ੍ਰੀਮ ਟੂਰ' 7 ਦਸੰਬਰ 2024 ਨੂੰ ਚੰਡੀਗੜ੍ਹ ਤੋਂ ਸ਼ੁਰੂ ਹੋਵੇਗੀ।

ਇਸ ਤੋਂ ਬਾਅਦ ਇਹ 13 ਦਸੰਬਰ ਨੂੰ ਬੈਂਗਲੁਰੂ ਤੇ 15 ਦਸੰਬਰ ਨੂੰ ਨਵੀਂ ਦਿੱਲੀ 'ਚ ਹੋਣੀ ਹੈ। ਇਸ ਕੰਸਰਟ ਦਾ ਆਖਰੀ ਪੜਾਅ 21 ਦਸੰਬਰ ਨੂੰ ਮੁੰਬਈ 'ਚ ਹੋਵੇਗਾ। ਬੁੱਕ ਮਾਈ ਸ਼ੋਅ 'ਤੇ ਕਰਨ ਔਜਲਾ ਦੇ ਕੌਂਸਰਟ ਦੀਆਂ ਟਿਕਟਾਂ ਤਿੰਨ ਸ਼੍ਰੇਣੀਆਂ 'ਚ ਬੁੱਕ ਕੀਤੀਆਂ ਜਾ ਰਹੀਆਂ ਹਨ।

ਤੜੀਫ ਸਿਲਵਰ ਸ਼੍ਰੇਣੀ ਦੀਆਂ ਟਿਕਟਾਂ ਦੀ ਕੀਮਤ 5 ਲੱਖ ਰੁਪਏ ਹੈ ਜਦੋਂਕਿ ਤੜੀਫ ਗੋਲਡ ਸ਼੍ਰੇਣੀ ਦੀਆਂ ਟਿਕਟਾਂ ਦੀ ਕੀਮਤ 10 ਲੱਖ ਰੁਪਏ ਹੈ। ਇਸ ਦੇ ਨਾਲ ਹੀ ਸਭ ਤੋਂ ਮਹਿੰਗੀ ਟਿਕਟ ਵੀਵੀਆਈਪੀ ਡਾਇਮੰਡ ਦੀ ਹੈ ਜਿਸ ਦੀ ਕੀਮਤ 15 ਲੱਖ ਰੁਪਏ ਹੈ। ਦਿਲਚਸਪ ਗੱਲ ਇਹ ਹੈ ਕਿ ਕਰਨ ਔਜਲਾ ਦੇ ਕੰਸਰਟ 'ਇਟ ਵਾਜ਼ ਆਲ ਏ ਡ੍ਰੀਮ' ਦਾ ਸਥਾਨ ਅਜੇ ਤੈਅ ਨਹੀਂ ਹੋਇਆ ਹੈ। ਇਕ ਰਿਪੋਰਟ ਅਨੁਸਾਰ ਕਰਨ ਔਜਲਾ ਕੈਨੇਡੀਅਨ ਪੰਜਾਬੀਆਂ 'ਚ 'ਸਾਂਗ ਮਸ਼ੀਨ' ਵਜੋਂ ਮਸ਼ਹੂਰ ਹਨ। ਔਜਲਾ ਦੇ '52 ਬਾਰਸ' ਤੇ 'ਟੇਕ ਇਟ ਈਜ਼ੀ' ਨੂੰ ਕੈਨੇਡਾ ਦੇ ਟਾਪ-10 ਵੀਡੀਓਜ਼ 'ਚ ਸਥਾਨ ਦਿੱਤਾ ਗਿਆ ਹੈ।

ਸਾਲ 2024 'ਚ ਔਜਲਾ ਨੇ ਠਿਕਠੌਕ ਜੂਨੋ ਫੈਨ ਚੁਆਇਸ ਐਵਾਰਡ ਜਿੱਤਿਆ। ਇਹ ਐਵਾਰਡ ਹਾਸਲ ਕਰਨ ਵਾਲੇ ਉਹ ਪਹਿਲੇ ਪੰਜਾਬੀ ਕੈਨੇਡੀਅਨ ਹਨ। ਸਾਲ 2024 'ਚ ਔਜਲਾ ਨੂੰ ਐਪਲ ਮਿਊਜ਼ਿਕ ਦੇ ਅੱਪ ਨੈਕਸਟ ਪ੍ਰੋਗਰਾਮ 'ਚ ਫੀਚਰ ਕੀਤਾ ਗਿਆ ਸੀ।





# ਸੁੰਦਰਤਾ ਇਸ਼ਨਾਨ (Beauty Bath)

ਸੰਪੂਰਣ ਸੁੰਦਰਤਾ ਹਾਸਿਲ ਕਰਨ ਦੇ ਲਈ ਸੁੰਦਰਤਾ ਇਸ਼ਨਾਨ ਦਾ ਬਹੁਤ ਵੱਧ ਮਹੱਤਵ ਹੈ। ਇਸਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ।

**ਕੇਸਰ**

ਅੱਧਾ ਕੱਪ ਜੈਤੂਨ ਅਤੇ ਅੱਧਾ ਕੱਪ ਬਾਦਾਮਾਂ ਦੇ ਤੇਲ ਵਿਚ ਚੂੰਢੀਭਰ ਕੇਸਰ ਮਿਲਾਕੇ ਇਕ ਛੋਟੇ ਪੈਨ ਵਿਚ ਰੱਖ ਦੇਵੋ। ਇਕ ਵੱਡੇ ਬਰਤਨ ਵਿਚ ਪਾਣੀ ਗਰਮ ਹੋਣ ਲਈ ਰੱਖੋ। ਪੈਨ ਨੂੰ ਉਬਲਦੇ ਪਾਣੀ ਉਪਰ ਫੜਕੇ ਚੰਗੀ ਤਰ੍ਹਾਂ ਭਾਫ਼ ਦੇਵੋ। ਇਸ ਮਿਸ਼ਰਣ ਨੂੰ ਉਦੋਂ ਤੱਕ ਹਿਲਾਉਂਦੇ ਤੇ ਭਾਫ਼ ਦਿੰਦੇ, ਰਹੋ ਜਦੋਂ ਤੱਕ ਕਿ ਤੇਲ ਪੀਲੇ ਰੰਗ ਵਿਚ ਨਾ ਬਦਲ ਜਾਣ। ਫੇਰ ਹੇਠਾਂ ਉਤਾਰਕੇ ਠੰਢਾ ਹੋਣ ਲਈ ਰੱਖ ਦੇਵੋ। ਤੇਲ ਨੂੰ ਇਕ ਬੋਤਲ ਵਿਚ ਪਾਕੇ ਰੱਖੋ। ਇਸਨੂੰ ਨਹਾਉਣ ਦੇ ਬਾਦ ਇਸਤੇਮਾਲ ਕਰੋ। ਪੋਲੇ-ਪੋਲੇ ਹੱਥਾਂ ਨਾਲ ਪੂਰੇ ਸਰੀਰ ਤੇ ਇਸਦੀ ਮਾਲਸ਼ ਕਰੋ। ਪੂਰਾ ਤੇਲ ਸੋਖ ਲੈਣ ਤੱਕ ਮਾਲਸ਼ ਕਰਦੇ ਰਹੇ।

**ਚੰਦਨ**

ਇਕ ਕੱਪ ਨਾਰੀਅਲ ਦੇ ਤੇਲ ਵਿਚ ਇਕ ਛੋਟਾ ਚਮਚਾ ਚੰਦਨ ਦਾ ਤੇਲ ਚੰਗੀ ਤਰ੍ਹਾਂ ਮਿਲਾਕੇ ਇਕ ਜਾਰ ਵਿਚ ਰੱਖ ਦੇਵੋ। ਇਸ਼ਨਾਨ ਕਰਨ ਦੇ ਬਾਦ ਇਸ ਤੇਲ ਨਾਲ ਪੂਰੇ ਸਰੀਰ ਤੇ ਚੰਗੀ ਤਰ੍ਹਾਂ ਮਾਲਸ਼ ਕਰੋ। ਇਸ ਨਾਲ ਢਿਲਕੀ ਹੋਈ ਚਮੜੀ ਕਸੀ ਜਾਂਦੀ ਹੈ।

ਸਨਟੈਨ ਦੂਰ ਕਰਨ ਦੇ ਲਈ

* ਦੋ ਛੋਟੇ ਚਮਚੇ ਦਹੀਂ, ਇਕ ਛੋਟਾ ਚਮਚਾ ਕੱਚੇ ਆਲੂ ਦਾ ਰਸ ਅਤੇ ਇਕ ਛੋਟਾ ਚਮਚਾ ਨਿੰਬੂ ਦਾ ਰਸ ਮਿਲਾਕੇ ਚਿਹਰੇ ਤੇ ਲਾਵੋ।

* ਦੋ ਵੱਡੇ ਚਮਚੇ ਮੱਕੀ ਦਾ ਆਟਾ, ਇਕ ਛੋਟਾ ਚਮਚਾ ਪੀਸਿਆ ਹੋਇਆ ਚੰਦਨ ਅਤੇ ਇਕ ਛੋਟਾ ਚਮਚਾ ਨਿੰਬੂ ਦਾ ਰਸ ਮਿਲਾਕੇ ਚਿਹਰੇ ਤੇ ਲਾਵੋ।

* ਤਿੰਨ ਛੋਟੇ ਚਮਚੇ ਦੁੱਧ ਵਿਚ ਇਕ ਛੋਟਾ ਚਮਚਾ ਪੀਸੀ ਹੋਈ ਹਲਦੀ ਮਿਲਾਕੇ ਚਿਹਰੇ ਤੇ ਲਾਵੋ। ਸੁੱਕ ਜਾਣ ਤੇ ਗੋਲਾਈ ਵਿਚ ਮਾਲਸ਼ ਕਰਦੇ ਹੋਏ ਉਤਾਰ ਦੇਵੋ। ਇਸ ਨਾਲ ਨਾ ਸਿਰਫ਼ ਸਨਟੈਨ (Suntan) ਠੀਕ ਹੁੰਦਾ ਹੈ, ਸਗੋਂ ਚਿਹਰੇ ਦੀ ਲੂੰਈਂ ਵੀ ਖਤਮ ਹੋ ਜਾਂਦੀ ਹੈ।

**ਪਿਗਮੈਂਟੇਸ਼ਨ (Pigmentation) ਤੋਂ ਕਿਵੇਂ ਬਚਿਆ ਜਾਵੇ ?**

1. ਦੁੱਧ ਵਿਚ ਹਲਦੀ ਤੇ ਚੰਦਨ ਮਿਲਾਕੇ ਲੇਪ ਤਿਆਰ ਕਰੋ। ਇਸ ਲੇਪ ਨੂੰ ਨਿਯਮਤ ਰੂਪ ਵਿਚ ਇਕ ਹਫ਼ਤਾ ਲਗਾਤਾਰ ਚਿਹਰੇ ਤੇ ਲਾਵੋ। ਚਿਹਰੇ ਦੀਆਂ ਝੁਰੜੀਆਂ ਅਤੇ ਕਾਲਾਪਣ ਖਤਮ ਹੋ ਜਾਣਗੇ।

2. ਦੋ ਛੋਟੇ ਚਮਚੇ ਜਵੀਂ ਦਾ ਆਟਾ, ਦੋ ਛੋਟੇ ਚਮਚੇ ਪੀਸੇ ਹੋਏ ਬਾਦਾਮ, ਦੋ ਛੋਟੇ ਚਮਚੇ ਸੰਤਰੇ ਦਾ ਜੂਸ ਅਤੇ ਦੋ ਗਾਜਰਾਂ ਦਾ ਰਸ ਮਿਲਾਕੇ ਪੇਸਟ ਬਣਾਵੋ। ਇਸ ਪੇਸਟ ਨੂੰ ਚਿਹਰੇ ਤੇ ਲਾਵੋ। ਸੁੱਕ ਜਾਣ ਤੇ ਧੋ ਦੇਵੋ। ਚਿਹਰੇ ਤੇ ਨਿਖਾਰ ਆ ਜਾਵੇਗਾ।

3. ਇਕ ਛੋਟਾ ਚਮਚਾ ਨਿੰਬੂ ਦਾ ਰਸ, ਇਕ ਛੋਟਾ ਚਮਚਾ ਸ਼ਹਿਦ ਅਤੇ ਅੱਧਾ ਛੋਟਾ ਚਮਚਾ ਬਾਦਾਮਾਂ ਦਾ ਤੇਲ ਮਿਲਾਕੇ ਚਿਹਰੇ ਤੇ ਲਾਵੋ। ਪੰਦਰਾਂ ਮਿੰਟਾਂ ਬਾਦ ਧੋ ਲਵੋ।

4. ਇਕ ਵੱਡਾ ਚਮਚਾ ਜਵੀਂ ਦੇ ਆਟੇ ਵਿਚ ਇਕ ਛੋਟਾ ਚਮਚਾ ਸ਼ਹਿਦ ਅਤੇ ਇਕ ਛੋਟਾ ਚਮਚਾ ਦਹੀਂ ਮਿਲਾਕੇ ਚਿਹਰੇ ਤੇ ਲਾਵੋ। ਗਲੇ ਅਤੇ ਹੱਥਾਂ ਤੇ ਵੀ ਲਾਵੋ। ਵੀਹ ਮਿੰਟਾਂ ਬਾਦ ਹੌਲ਼ੀ ਹੌਲ਼ੀ ਹੱਥਾਂ ਨਾਲ ਰਗੜਕੇ ਉਤਾਰ ਦੇਵੋ।

5. ਪਿੱਠ (ਢੂਹੀ) ਅਤੇ ਹੱਥਾਂ ਪੈਰਾਂ ਦੇ ਲਈ ਬਾਦਾਮ ਜਾਂ ਜੈਤੂਨ ਦੇ ਤੇਲ ਵਿਚ ਚੀਨੀ ਮਿਲਾਕੇ ਸਕਰੱਬ ਕਰਨ ਨਾਲ ਚਮੜੀ ਦਾ ਰੰਗ ਧੀਰੇ-ਧੀਰੇ ਹਲਕਾ ਹੋ ਜਾਂਦਾ ਹੈ।

ਦੁੱਧੀਆ (Milky) ਇਫ਼ੈਕਟ ਦੇ ਲਈ

* ਰੰਗ (Complexion) ਵਿਚ ਨਿਖਾਰ ਲਿਆਉਣ ਦੇ ਲਈ ਰਾਤ ਨੂੰ ਸੌਂਦੇ ਸਮੇਂ ਦੋ ਬਾਦਾਮਾਂ ਨੂੰ ਪੀਸਕੇ ਚਿਹਰੇ ਤੇ ਲਾਵੋ।

* ਸਾਂਵਲੀ, ਥੱਕੀ ਹਾਰੀ, ਬੇਜ਼ਾਨ ਚਮੜੀ ਦੇ ਲਈ ਰਾਤ ਭਰ ਛੋਲਿਆਂ ਦੀ ਦਾਲ ਭਿਉਂਕੇ ਰੱਖੋ। ਅਗਲੇ ਦਿਨ ਸੁਬਾਹ ਦਾਲ ਨੂੰ ਪੀਸਕੇ ਚੁਟਕੀ ਭਰ ਹਲਦੀ ਅਤੇ ਕੁੱਝ ਬੂੰਦਾਂ ਨਿੰਬੂ ਦੇ ਰਸ ਦੀਆਂ ਮਿਲਾ ਦੇਵੋ। ਇਸਨੂੰ ਅੱਧਾਂ ਜਾਂ ਇਕ ਘੰਟਾ ਚਿਹਰੇ ਤੇ ਲਾ ਕੇ ਰੱਖੋ।

* ਚਿਹਰੇ ਦੇ ਦਾਗ-ਧੱਬੇ ਦੂਰ ਕਰਨ ਦੇ ਲਈ ਇਕ ਛੋਟਾ ਚਮਚਾ ਪੀਲੀ ਸਰ੍ਹੋਂ ਦੇ ਤੇਲ ਵਿਚ ਇਕ ਵੱਡਾ ਚਮਚਾ ਦੁੱਧ ਦੀ ਕਰੀਮ ਪਾ ਕੇ ਪੇਸਟ ਤਿਆਰ ਕਰੋ। ਇਸ ਪੇਸਟ ਨੂੰ ਵੀਹ ਮਿੰਟ ਚਿਹਰੇ ਤੇ ਲਾ ਕੇ ਰੱਖੋ। ਫੇਰ ਚਿਹਰਾ ਧੋ ਦੇਵੋ।

* ਇਕ ਛੋਟਾ ਚਮਚਾ ਜੈਤੂਨ ਦੇ ਤੇਲ ਵਿਚ ਇਕ ਛੋਟਾ ਚਮਚਾ ਮਸਰਾਂ ਦੀ ਦਾਲ ਨੂੰ ਲਾਲ ਹੋਣ ਤੱਕ ਭੁੰਨੋ। ਇਸਨੂੰ ਪੀਸਕੇ ਦੁੱਧ ਵਿਚ ਮਿਲਾਕੇ ਪੇਸਟ ਬਣਾ ਲਵੋ। ਚਿਹਰੇ ਤੇ ਲਾ ਕੇ ਸੁੱਕਣ ਤੱਕ ਲਾਈ ਰੱਖੋ। ਇਸਦੇ ਬਾਦ ਰਗੜਕੇ ਚਿਹਰਾ ਧੋ ਲਵੋ।

ਦਾਗ-ਧੱਬਿਆਂ ਤੋਂ ਛੁਟਕਾਰਾ ਪਾਵੋ

* ਇਕ ਲੀਟਰ ਪਾਣੀ ਵਿਚ ਇਕ ਛੋਟਾ ਚਮਚਾ ਮੇਥੀ ਪਾ ਕੇ ਕੁੱਝ ਮਿੰਟ ਉਬਾਲ ਲਵੋ। ਇਸ ਪਾਣੀ ਨੂੰ ਚਿਹਰੇ ਤੇ ਲਾਵੋ। ਇਸ ਨਾਲ ਕਿੱਲ, ਮੁੰਹਾਸੇ ਤੇ ਦਾਗ ਨਿੱਕਲ ਜਾਂਦੇ ਹਨ।

* ਮੁਲਤਾਨੀ ਮਿੱਟੀ ਵਿਚ ਨਿੰਬੂ ਦਾ ਰਸ ਤੇ ਗੁਲਾਬ ਜਲ ਮਿਲਾਕੇ ਚਿਹਰੇ ਤੇ ਲਾਵੋ। ਦਸ ਮਿੰਟਾਂ ਬਾਦ ਧੋ ਲਵੋ।

* ਪੀਸੀ ਹੋਈ ਮਸਰਾਂ ਦੀ ਦਾਲ ਵਿਚ ਪੀਸਿਆ ਹੋਇਆ ਚੰਦਨ ਮਿਲਾਕੇ ਰਾਤ ਭਰ ਦਾਗ-ਧੱਬਿਆਂ ਤੇ ਲਾਈ ਰੱਖੋ। ਸੁਬਾਹ ਧੋ ਦੇਵੋ।

* ਪੁਦੀਨੇ ਦੇ ਪੱਤਿਆਂ ਨੂੰ ਪੀਸਕੇ ਉਹਨਾਂ ਦਾ ਰਸ ਚਿਹਰੇ ਤੇ ਲਾਵੋ। ਇਸ ਨਾਲ ਦਾਗ-ਧੱਬਿਆਂ ਤੋਂ ਛੁਟਕਾਰਾਂ ਪਾਉਣ ਵਿਚ ਸਹਾਇਤਾ ਮਿਲਦੀ ਹੈ।

## ਚਮੜੀ ਦੀ ਕਿਸਮ ਦੇ ਅਨੁਸਾਰ ਸੁੰਦਰਤਾ ਦੇ ਨੁਕਤੇ

**1. ਰੁੱਖੀ ਚਮੜੀ ਦੇ ਲਈ**

* ਚੌਲਾਂ ਦਾ ਆਟਾ, ਸ਼ਹਿਦ ਅਤੇ ਅੰਡੇ ਦੀ ਸਫ਼ੈਦੀ ਨੂੰ ਮਿਲਾ ਲਵੋ। ਚਿਹਰੇ ਤੇ ਲਾਕੇ ਪੰਜ ਮਿੰਟ ਤੱਕ ਪਾਲਸ਼ ਕਰੋ, ਫੇਰ ਚਿਹਰਾ ਧੋ ਲਵੋ।

* ਚਮੜੀ ਵੱਧ ਰੁੱਖੀ ਹੋਣ ਨਾਲ ਜੇ ਚਿਹਰਾ ਲਾਲ ਹੋ ਜਾਵੇ ਤਾਂ ਥੋੜ੍ਹੇ ਪਾਰਸਲੇ (ਅਜਮੋਂਦ) ਗਰਮ ਪਾਣੀ ਵਿਚ ਅੱਧਾ ਘੰਟਾ ਭਿਉਂਕੇ ਠੰਢਾ ਹੋਣ ਤੇ ਪੁਣ ਲਵੋ। ਇਸ ਨਾਲ ਚਿਹਰਾ ਧੋ ਲਵੋ।

* ਦੋ ਛੋਟੇ ਚਮਚੇ ਗੁਲਾਬ ਜਲ ਵਿਚ ਦੋ ਛੋਟੇ ਚਮਚੇ ਚੰਦਨ ਪੀਸਕੇ ਲੇਪ ਤਿਆਰ ਕਰੋ। ਇਸਨੂੰ ਚਿਹਰੇ ਤੇ ਲਾਵੋ, ਅੱਧੇ ਘੰਟੇ ਬਾਦ ਧੋ ਲਵੋ।

* ਇਕ ਛੋਟਾ ਚਮਚਾ ਜਵੀਂ (Oats) ਦਾ ਆਟਾ, ਇਕ ਅੰਡੇ ਦੀ ਜਰਦੀ, ਦੁੱਧ ਤੇ ਇਕ ਛੋਟਾ ਚਮਚਾ ਸ਼ਹਿਦ ਮਿਲਾਕੇ ਚਿਹਰੇ ਤੇ ਲਾਵੋ, ਪੰਦਰਾਂ ਮਿੰਟਾਂ ਬਾਦ ਧੋ ਲਵੋ।

* ਦੋ ਛੋਟੇ ਚਮਚੇ ਸੰਤਰੇ ਦਾ ਰਸ, ਇਕ ਛੋਟਾ ਚਮਚਾ ਸ਼ਹਿਦ ਅਤੇ ਅੱਧਾ ਛੋਟਾ ਚਮਚਾ ਉਟਮੀਲ ਪੀਸਿਆ ਹੋਇਆ ਲੈ ਕੇ ਲੇਪ ਤਿਆਰ ਕਰੋ। ਇਸ ਲੇਪ ਨੂੰ ਵੀਹ ਮਿੰਟ ਚਿਹਰੇ ਤੇ ਲਾ ਕੇ ਰੱਖੋ। ਫੇਰ ਕੋਸੇ ਜਿਹੇ ਗਰਮ ਪਾਣੀ ਨਾਲ ਚਿਹਰਾ ਧੋ ਲਵੋ।

* ਇਕ ਅੰਡੇ ਦੀ ਸਫ਼ੈਦੀ, ਚਾਰ-ਪੰਜ ਛੋਟੇ ਚਮਚੇ ਦਹੀਂ ਅਤੇ ਸ਼ਹਿਦ ਮਿਲਾਕੇ ਚਿਹਰੇ ਤੇ ਲੇਪ ਕਰੋ। ਰੰਗ ਨਿੱਖਰ ਜਾਵੇਗਾ।

* ਅੰਡੇ ਦੀ ਜਰਦੀ, ਅੱਧਾ ਛੋਟਾ ਚਮਚਾ ਸ਼ਹਿਦ, ਦੋ ਬੂੰਦਾਂ ਨਿੰਬੂ ਦਾ ਰਸ, ਪੰਜ ਬੂੰਦਾਂ ਬਾਦਾਮ ਦਾ ਤੇਲ, ਅੱਧਾ ਛੋਟਾ ਚਮਚਾ ਗਲਸਰੀਨ ਮਿਲਾਕੇ ਚਿਹਰੇ ਤੇ ਲਾਉਣ ਨਾਲ ਰੰਗ ਸਾਫ਼ ਹੋ ਜਾਂਦਾ ਹੈ।

* ਰੁੱਖੀ ਚਮੜੀ ਤੇ ਝੁਰੜੀਆਂ ਛੇਤੀ



ਪੈ ਜਾਂਦੀਆਂ ਹਨ। ਇਸਦੇ ਲਈ ਇਕ ਅੰਡੇ ਦੀ ਸਫ਼ੈਦੀ ਵਿਚ ਮਲਾਈ ਤੇ ਸ਼ਹਿਦ ਮਿਲਾਕੇ ਚਿਹਰੇ ਤੇ ਲਾਵੋ। ਪੰਜ-ਸੱਤ ਮਿੰਟ ਬਾਦ ਧੋ ਲਵੋ।

* ਪੱਕੇ ਹੋਏ ਅੱਧੇ ਕੇਲੇ ਨੂੰ ਮਸਲਕੇ ਉਸ ਵਿਚ ਥੋੜ੍ਹਾ ਜਿਹਾ ਸ਼ਹਿਦ ਮਿਲਾਕੇ ਰੁੱਖੀ ਚਮੜੀ ਤੇ ਮਲਕੇ ਵੀਹ ਮਿੰਟ ਦੇ ਲਈ ਛੱਡ ਦੇਵੋ। ਫੇਰ ਚੰਗੀ ਤਰ੍ਹਾਂ ਪਾਣੀ ਨਾਲ ਧੋ ਲਵੋ।

**2. ਚਿਪਚਿਪੀ (ਤੇਲ ਵਾਲੀ) ਚਮੜੀ ਦੇ ਲਈ**

* ਦੋ ਛੋਟੇ ਚਮਚੇ ਪਪੀਤੇ ਦਾ ਗੁੱਦਾ ਲੈ ਕੇ ਉਸ ਵਿਚ ਦਸ ਬੂੰਦਾਂ ਨਿੰਬੂ ਦਾ ਰਸ ਮਿਲਾਕੇ ਵੀਹ ਮਿੰਟਾਂ ਤੱਕ ਚਿਹਰੇ ਤੇ ਲਾ ਕੇ ਰੱਖੋ, ਫੇਰ ਧੋ ਲਵੋ।

* ਸਕਿੱਮਡ ਮਿਲਕ (ਸਪਰੇਟਾ ਦੁੱਧ) ਤੋਂ ਬਣਿਆ ਦਹੀਂ ਲੈਕੇ, ਉਸ ਵਿਚ ਨਿੰਬੂ ਦਾ ਰਸ ਤੇ ਬੇਸਣ ਲੇਪ ਬਣਾਵੋ। ਇਹ ਵਧੀਆ ਪੈਕ ਹੈ।

* ਇਕ ਅੰਡੇ ਦੀ ਸਫ਼ੈਦੀ ਵਿਚ ਦਸ ਬੂੰਦਾਂ ਨਿੰਬੂ ਦਾ ਰਸ ਮਿਲਾਕੇ ਫੈਂਟ ਲਵੋ। ਇਸ ਲੇਪ ਨੂੰ ਚਿਹਰੇ ਤੇ ਲਾਵੋ। ਦਸ-ਪੰਦਰਾਂ ਮਿੰਟ ਬਾਦ ਜਦੋਂ ਖਿੱਚ ਜਿਹੀ ਮਹਿਸੂਸ ਹੋਣ ਲੱਗੇ ਤਾਂ ਧੋ ਦੇਵੋ।

* ਇਕ ਛੋਟਾ ਚਮਚਾ ਅੰਡੇ ਦੀ ਜਰਦੀ (ਖਮੀਰ), ਇਕ ਛੋਟਾ ਚਮਚਾ ਚੀਨੀ ਅਤੇ ਅੱਧਾ ਕੱਪ ਦੁੱਧ ਦਾ ਮਿਸ਼ਰਣ ਤਿਆਰ ਕਰੋ। ਜਦੋਂ ਖਮੀਰ ਉਠ ਜਾਵੇ, ਚਿਹਰੇ ਤੇ ਲਾਵੋ।

* ਖਮੀਰ ਵਿਚ ਥੋੜ੍ਹਾ ਜਿਹਾ ਪਾਣੀ ਮਿਲਾਕੇ ਪੇਸਟ ਬਣਾਕੇ ਲਾਵੋ। ਇਹ ਨਾ ਸਿਰਫ਼ ਵਾਲਾਂ ਦੇ ਛੇਦਾਂ ਨੂੰ ਸਾਫ਼ ਕਰਦਾ ਹੈ। ਬਲਕਿ ਚਮੜੀ ਨੂੰ ਵੀ ਤਾਜ਼ਗੀ ਦਿੰਦਾ ਹੈ।

* ਦੋ ਚਮਚੇ ਕੱਚੇ ਦੁੱਧ ਵਿਚ ਦੋ ਚਮਚੇ ਖੀਰੇ ਦਾ ਰਸ ਤੇ ਕੁੱਝ ਬੂੰਦਾਂ ਨਿੰਬੂ ਦਾ ਰਸ ਮਿਲਾਕੇ ਰੂੰ ਨਾਲ ਇਸਨੂੰ ਚਿਹਰੇ ਤੇ ਲਾਵੋ। ਸੁੱਕ ਜਾਣ ਤੇ ਧੋ ਲਵੋ।

* ਦੋ-ਚਾਰ ਚਮਚੇ ਮੇਥੀ ਦਾਣੇ ਦੇ ਰਾਤ ਨੂੰ ਪਾਣੀ ਵਿਚ ਭਿਉਂ ਦੇਵੋ। ਸੁਬਾਹ ਇਸਨੂੰ ਪੀਸ ਲਵੋ। ਇਸ ਪੇਸਟ ਨੂੰ ਚਿਹਰੇ ਤੇ ਲਾਵੋ। ਸੁੱਕ ਜਾਣ ਤੇ ਧੋ ਲਵੋ। ਇਹ ਪੇਸਟ ਬਲੈਕ ਹੈਡਸ (ਕਾਲੇ ਕਿੱਲ-ਮੁੰਹਾਸੇ) ਹਟਾਉਣ ਤੇ ਵਾਧੂ ਤੇਲ ਹਟਾਉਣ ਵਿਚ ਮੱਦਦ ਕਰਦਾ ਹੈ। ਜੇ ਤੁਸੀਂ ਚਾਹੋ ਤਾਂ ਇਹ ਪੇਸਟ ਬਣਾਕੇ ਫਰਿੱਜ ਵਿਚ ਰੱਖ ਸਕਦੇ ਹੋ।

**3. ਸੰਵੇਦਨਸ਼ੀਲ ਚਮੜੀ ਦੇ ਲਈ**

* ਇਕ ਛੋਟਾ ਚਮਚਾ ਔਟਮੀਲ ਪੀਸਿਆ ਹੋਇਆ (ਜਵੀਂ ਦਾ ਆਟਾ) , ਅੱਧਾ ਛੋਟਾ ਚਮਚਾ ਚੂਨੇ ਦਾ ਪਾਣੀ ਅਤੇ ਥੋੜਾ ਜਿਹਾ ਸਾਦਾ ਪਾਣੀ ਮਿਲਾ ਲਵੋ। ਅੱਧਾ ਘੰਟਾ ਚਿਹਰੇ ਤੇ ਲਾ ਕੇ ਰੱਖੋ। ਫੇਰ ਧੋ ਦੇਵੋ। ਚਮੜੀ ਦੇ ਛੇਦਾਂ ਲਈ ਅਸਰਦਾਰ ਲੇਪ ਹੈ।

* ਇਕ ਵੱਡਾ ਚਮਚਾ ਜੈਤੂਨ ਦੇ ਤੇਲ ਵਿਚ ਦੋ ਵੱਡੇ ਚਮਚੇ ਤਾਜ਼ੀ ਕਰੀਮ ਮਿਲਾਵੋ। ਇਸ ਲੇਪ ਨੂੰ ਦਸ-ਬਾਰਾਂ ਮਿੰਟ ਲੱਗਿਆ ਰਹਿਣ ਦੇਵੋ। ਫੇਰ ਗਰਮ ਪਾਣੀ ਵਿਚ ਰੂੰ ਦਾ ਫਹਾ ਭਿਉਂਕੇ ਉਸ ਨਾਲ ਹੌਲ਼ੀ-ਹੌਲ਼ੀ ਚਿਹਰਾ ਸਾਫ਼ ਕਰ ਲਵੋ।

* ਇਕ ਵੱਡਾ ਚਮਚਾ ਮੱਕੀ ਦਾ ਆਟਾ, ਇਕ ਵੱਡਾ ਚਮਚਾ ਜ਼ੈਤੂਨ ਜਾਂ ਬਾਦਾਮਾਂ ਦਾ ਤੇਲ ਅਤੇ ਇਕ ਵੱਡਾ ਚਮਚਾ ਤਾਜ਼ੀ ਕਰੀਮ ਲੈ ਕੇ ਚੰਗੀ ਤਰ੍ਹਾਂ ਮਿਲਾ ਲਵੋ। ਇਸ ਲੇਪ ਨੂੰ ਦਸ ਮਿੰਟ ਚਿਹਰੇ ਤੇ ਲਾ ਕੇ ਰੱਖੋ। ਫੇਰ ਧੋ ਲਵੋ।

* ਇਕ ਵੱਡਾ ਚਮਚਾ ਸ਼ਹਿਦ ਵਿਚ ਪੰਦਰਾਂ ਬੂੰਦਾਂ ਸੰਤਰੇ ਦਾ ਰਸ ਮਿਲਾਵੋ। ਇਸ ਵਿਚ ਇਕ ਵੱਡਾ ਚਮਚਾ ਮੁਲਤਾਨੀ ਮਿੱਟੀ ਪੀਸਕੇ ਅਤੇ ਇਕ ਵੱਡਾ ਚਮਚਾ ਗੁਲਾਬ ਜਲ ਵੀ ਮਿਲਾਵੋ। ਇਸ ਲੇਪ ਨੂੰ ਦਸ ਮਿੰਟ ਚਿਹਰੇ ਤੇ ਲਾਕੇ ਰੱਖੋ, ਫੇਰ ਧੋ ਦੋਵੇ।

* ਚਮੜੀ ਦੇ ਵੱਡੇ ਛੇਦਾਂ ਦੇ ਲਈ ਮੁਲਤਾਨੀ ਮਿੱਟੀ ਵਿਚ ਡੇਢ ਛੋਟਾ ਚਮਚਾ ਗੁਲਾਬ ਜਲ ਅਤੇ ਥੋੜ੍ਹਾ ਜਿਹਾ ਏਸਟਰਿੰਜੇਂਟ ਲੋਸ਼ਨ ਮਿਲਾਕੇ ਵੀ ਲਾ ਸਕਦੇ ਹੋ। ਇਸਨੂੰ ਪੰਦਰਾਂ ਮਿੰਟ ਲੱਗਿਆ ਰਹਿਣ ਦੇਵੋ। ਬਾਦ ਵਿਚ ਧੋ ਲਵੋ।

* ਕੱਦੂ ਦੇ ਇਕ ਟੁਕੜੇ ਨੂੰ ਕੱਦੂਕਸ਼ ਕਰਕੇ ਅੰਡੇ ਦੀ ਜ਼ਰਦੀ ਨਾਲ ਚੰਗੀ ਤਰ੍ਹਾਂ ਮਿਲਾਕੇ ਚਿਹਰੇ ਤੇ ਲਾਵੋ।

* ਗਾਜਰ ਨੂੰ ਕੱਦੂਕਸ਼ ਕਰਕੇ ਮੱਠੇ ਜਾਂ ਫੇਰ ਜ਼ੈਤੂਨ ਦੇ ਤੇਲ ਨਾਲ ਮਿਲਾਕੇ ਇਸਤੇਮਾਲ ਕਰੋ। ਚਿਹਰਾ ਚਮਕਦਾਰ ਬਣ ਜਾਵੇਗਾ।

**4. ਸਾਧਾਰਣ ਚਮੜੀ ਦੇ ਲਈ**

* ਅੱਧੇ ਸੰਤਰੇ ਦੇ ਰਸ ਵਿਚ ਦੋ ਚਮਚੇ ਦਹੀਂ ਮਿਲਾਵੋ, ਇਸਨੂੰ ਚਿਹਰੇ ਤੇ ਲਾ ਕੇ ਹੌਲ਼ੀ-ਹੌਲ਼ੀ ਮਾਲਸ਼ ਕਰੋ। ਸੁੱਕਣ ਦੇਵੋ। ਫੇਰ ਤਾਜੇ ਪਾਣੀ ਨਾਲ ਚਿਹਰਾ ਧੋ ਕੇ ਸੁੱਕਣ ਦੇਵੋ। ਇਸ ਨਾਲ ਚਿਹਰੇ ਤੇ ਚਮਕ ਆ ਜਾਵੇਗੀ। ਪਪੀਤੇ ਦੇ ਗੁੱਦੇ ਨੂੰ ਚਿਹਰੇ ਤੇ ਮਲੋ। ਸੁੱਕਣ ਦੇਵੋ। ਸੁੱਕ ਜਾਣ ਤੇ ਤਾਜ਼ੇ ਪਾਣੀ ਨਾਲ ਧੋ ਲਵੋ। ਚਿਹਰਾ ਸਾਫ ਹੋ ਜਾਵੇਗਾ। ਪਪੀਤੇ ਦੇ ਛਿਲਕੇ ਨੂੰ ਵੀ ਤੁਸੀਂ ਚਿਹਰੇ ਤੇ ਰਗੜ ਸਕਦੇ ਹੋ।



* ਅੱਧਾ ਕੱਪ ਬੰਦ ਗੋਭੀ ਨੂੰ ਪੀਸੋ ਅਤੇ ਉਸਦਾ ਜੂਸ ਕੱਢਕੇ ਚਿਹਰੇ ਤੇ ਲਾਵੋ। ਸੁੱਕ ਜਾਣ ਤੇ ਪਾਣੀ ਨਾਲ ਚਿਹਰਾ ਧੋ ਲਵੋ। ਇਸ ਨਾਲ ਚਮੜੀ ਕਸੀ ਜਾਂਦੀ ਹੈ ਅਤੇ ਝੁਰੜੀਆਂ ਨਹੀਂ ਪੈਂਦੀਆਂ।

* ਇਕ ਗਾਜਰ ਨੂੰ ਪੀਸਕੇ ਉਸਦਾ ਰਸ ਚਿਹਰੇ ਤੇ ਲਾਵੋ। ਸੁੱਕਣ ਦੇਵੋ। ਫੇਰ ਤਾਜ਼ੇ ਪਾਣੀ ਨਾਲ ਧੋ ਲਵੋ। ਇਸ ਨਾਲ ਮੁਰਦਾ ਚਮੜੀ ਦੂਰ ਹੋ ਜਾਂਦੀ ਹੈ ਅਤੇ ਚਮੜੀ ਚਮਕ ਪੈਂਦੀ ਹੈ।

* ਸੇਬ ਦੇ ਛਿਲਕੇ ਦੀ ਵਰਤੋਂ ਕਲੀਂਜਰ ਦੇ ਤੌਰ ਤੇ ਕਰੋ। ਇਸ ਨਾਲ ਵੀ ਚਮੜੀ ਕਸੀ ਜਾਂਦੀ ਹੈ।

* ਇਕ ਬਰਫ਼ ਦਾ ਟੁਕੜਾ ਲੈ ਕੇ ਚਿਹਰੇ ਤੇ ਮਲੋ। ਇਸ ਨਾਲ ਰਕਤ ਪ੍ਰਵਾਹ ਠੀਕ ਹੁੰਦਾ ਹੈ ਅਤੇ ਚਮੜੀ ਖੂਬਸੂਰਤ ਅਤੇ ਤੰਦਰੁਸਤ ਰਹਿੰਦੀ ਹੈ।

* ਅੰਡੇ ਦੀ ਸਫ਼ੈਦੀ ਨੂੰ ਫੈਂਟਕੇ ਚਿਹਰੇ ਤੇ ਲਾਵੋ। ਸੁੱਕਣ ਤੇ ਧੋ ਲਵੋ। ਇਸ ਨਾਲ ਚਮੜੀ ਕਸੀ ਜਾਂਦੀ ਹੈ ਅਤੇ ਝੁਰੜੀਆਂ ਵੀ ਨਹੀਂ ਪੈਂਦੀਆਂ।

* ਖਸਖਸ ਨੂੰ ਰਾਤ ਭਰ ਦੁੱਧ ਵਿਚ ਭਿਉਂ ਦੇਵੋ। ਸੁਬਾਹ ਪੀਸਕੇ ਚਿਹਰੇ ਤੇ ਲਾਵੋ। ਖਸਖਸ ਦਾ ਤੇਲ ਚਮੜੀ ਨੂੰ ਨਮੀ ਪ੍ਰਦਾਨ ਕਰਦਾ ਹੈ।

* ਕੱਚੀ ਮੂੰਗਫਲੀ ਨੂੰ ਦੁੱਧ ਵਿਚ ਪੀਸਕੇ ਸ਼ਹਿਦ ਮਿਲਾਕੇ ਚਿਹਰੇ ਤੇ ਲਾਵੋ। ਮੂੰਗਫਲੀ ਵਿਚ ਮਿਲਣ ਵਾਲੇ ਕੁਦਰਤੀ ਤੇਲ ਬੇਹਤਰੀਨ ਮੋਇਸਚਰਾਈਜ਼ਰ ਦਾ ਕੰਮ ਕਰਦੇ ਹਨ।

* ਮਲਾਈ ਵਿਚ ਚੁਟਕੀ ਭਰ ਹਲਦੀ ਤੇ ਜੈਤੂਨ ਦੇ ਤੇਲ ਦੀਆਂ ਕੁੱਝ ਬੂੰਦਾਂ ਮਿਲਾਕੇ ਲਾਉਣ ਨਾਲ ਚਮੜੀ ਵਿਚ ਨਿਖਾਰ ਆਉਂਦਾ ਹੈ ਅਤੇ ਰੁੱਖਾਪਣ ਖਤਮ ਹੋ ਜਾਂਦਾ ਹੈ।

**5. ਮਿਸ਼ਰਤ ਚਮੜੀ ਦੇ ਲਈ**

* ਤਿੰਨ ਚਾਰ ਚਮਚੇ ਮੁਲਤਾਨੀ ਮਿੱਟੀ ਵਿਚ 9-10 ਪੁਦੀਨੇ ਦੀਆਂ ਪੱਤੀਆਂ ਪੀਸਕੇ ਇਸ ਪੈਕ ਨੂੰ ਰਾਤ ਭਰ ਫਰਿੱਜ਼ ਵਿਚ ਰੱਖ ਦੇਵੋ। ਸੁਬਾਹ 15 ਮਿੰਟ ਬਾਹਰ ਰੱਖੋ। ਫੇਰ ਚਿਹਰੇ ਤੇ ਲਾਵੋ। ਚਿਹਰਾ ਧੋ ਲਵੋ। ਚਮੜੀ ਸਾਫ਼ ਹੋ ਜਾਵੇਗੀ।

* ਲੈਮਨ ਗ੍ਰਾਸ ਦੇ ਪੱਤਿਆਂ ਨੂੰ ਇਕ ਲੀਟਰ ਪਾਣੀ ਵਿਚ ਉਬਾਲੋ। ਇਸਨੂੰ ਫਰੀਜ਼ਰ ਵਿਚ ਰੱਖ ਦੇਵੋ। ਬਰਫ਼ ਜੰਮ ਜਾਵੇ ਤਾਂ ਇਸਨੂੰ ਚਿਹਰੇ ਤੇ ਰਗੜੋ। ਇਸ ਨਾਲ ਵਾਲਾਂ/ਚਮੜੀ ਦੇ ਛੇਦਾਂ ਵਿਚ ਜੰਮੀ ਹੋਈ ਧੂੜ-ਮਿੱਟੀ ਦੂਰ ਹੋ ਜਾਂਦੀ ਹੈ ਅਤੇ ਛੇਦ ਖੁੱਲ੍ਹ ਜਾਂਦੇ ਹਨ। ਇਕ ਵੱਡਾ ਚਮਚਾ ਦਹੀਂ ਲਵੋ। ਉਸ ਵਿਚ ਇਕ ਵੱਡਾ ਚਮਚਾ ਤਾਜ਼ਾ ਸਟਰਾਬੈਰੀ ਦਾ ਰਸ ਮਿਲਾਵੋ। ਇਸ ਲੇਪ ਨੂੰ ਚਿਹਰੇ ਤੇ ਵੀਹ ਮਿੰਟ ਲੱਗਿਆ ਰਹਿਣ ਦੇਵੋ। ਫੇਰ ਚਿਹਰਾ ਧੋ ਲਵੋ।

* ਇਕ ਅੰਡੇ ਦੀ ਸਫ਼ੈਦੀ ਵਿਚ ਕੁੱਝ ਬੂੰਦਾਂ ਬਾਦਾਮਾਂ ਦਾ ਤੇਲ ਅਤੇ ਕੁੱਝ ਬੂੰਦਾਂ ਨਿੰਬੂ ਦਾ ਰਸ ਮਿਲਾਵੋ। ਇਸਨੂੰ ਪੰਦਰਾਂ ਮਿੰਟ ਚਿਹਰੇ ਤੇ ਲਾਕੇ ਰੱਖੋ ਅਤੇ ਫੇਰ ਚਿਹਰਾ ਧੋ ਲਵੋ।

# ਸਿਡਨੀ ਕਰੇਗਾ ਇਸ ਵਾਰ ਆਸਟ੍ਰੇਲੀਆ ਸਿੱਖ ਗੇਮਜ਼ 2025 ਦੀ ਮੇਜ਼ਬਾਨੀ




ਮੈਲਬੋਰਨ: ਸਲਾਨਾ ਆਸਟ੍ਰੇਲੀਆ ਸਿੱਖ ਗੇਮਜ਼ ਅਗਲੇ ਸਾਲ 18 ਅਪਰੈਲ ਤੋਂ 20 ਅਪਰੈਲ ਤੱਕ ਸਿਡਨੀ ਦੇ ਬਾਸ ਹਿੱਲ ਵਿਖੇ ਹੋਣ ਜਾ ਰਹੀਆਂ ਹਨ। ਇਸ ਸਲਾਨਾ ਇਵੈਂਟ ਦਾ ਆਯੋਜਨ ਆਸਟ੍ਰੇਲੀਆ ਸਿੱਖ ਗੇਮਜ਼ ਕਮੇਟੀ ਵੱਲੋਂ ਪ੍ਰਧਾਨ ਸਰਬਜੋਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਕੀਤਾ ਜਾ ਰਿਹਾ ਹੈ, ਜੋ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਭਰ ਦੇ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਇਕੱਠਾ ਕਰੇਗਾ। ਤਾਰੀਖਾਂ ਅਤੇ ਸਥਾਨ ਬਾਰੇ ਸਰਬਜੋਤ ਸਿੰਘ ਢਿੱਲੋਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝਾ ਕਰ ਕੀਤਾ , ਜਿਸ ਨਾਲ ਸਿੱਖ ਭਾਈਚਾਰੇ ਅਤੇ ਖੇਡਾਂ ਦੇ ਚਾਹਵਾਨਾਂ ਵਿੱਚ ਕਾਫੀ ਉਤਸੁਕਤਾ ਦੇਖਣ ਨੂੰ ਮਿਲ ਰਹੀ ਹੈ । ਇਸ ਇਵੈਂਟ ਵਿੱਚ ਕਈ ਕਿਸਮਾਂ ਦੀਆਂ ਖੇਡਾਂ ਜਿਵੇਂ ਕਿ ਕਬੱਡੀ, ਸਾਕਰ, ਹਾਕੀ, ਵਾਲੀਬਾਲ ਅਤੇ ਹੋਰ ਐਥਲੈਟਿਕ ਮੁਕਾਬਲੇ ਹੋਣਗੇ। ਕਬੱਡੀ, ਜੋ ਇਸ ਪ੍ਰੋਗਰਾਮ ਦੀ ਖਾਸ ਖੇਡ ਹੈ, ਵਿੱਚ ਲਗਭਗ 10 ਟੀਮਾਂ ਚੈਂਪੀਅਨਸ਼ਿਪ ਲਈ ਮੁਕਾਬਲਾ ਕਰਨਗੀਆਂ, ਜਿਸ ਨਾਲ ਕਾਫੀ ਵੱਡੀ ਗਿਣਤੀ ਵਿੱਚ ਦਰਸ਼ਕਾਂ ਦੀ ਉਮੀਦ ਹੈ। ਗੇਮਜ਼ ਵਿੱਚ "ਗੁਰੂ ਕਾ ਲੰਗਰ" ਦੀ ਵੀ ਪ੍ਰਬੰਧ ਕੀਤਾ ਜਾਂਦਾ ਹੈ , ਜਿਸ ਵਿੱਚ ਸਿੱਖ ਰਿਵਾਇਤੀ ਭੋਜਨ ਅਤੇ ਮਹਿਮਾਨ ਨਿਵਾਜੀ ਸ਼ਾਮਲ ਹੈ, ਜੋ ਸਾਰਿਆਂ ਲਈ ਖੁੱਲਾ ਹੋਵੇਗਾ ਅਤੇ ਇਹ ਬਰਾਬਰੀ ਅਤੇ ਸੇਵਾ ਦਾ ਪ੍ਰਤੀਕ ਹੋਵੇਗਾ। ਮਹਿਮਾਨਾਂ ਲਈ ਹੋਰ ਸਹੂਲਤਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਤਾਂ ਜੋ ਉਹਨਾਂ ਨੂੰ ਆਰਾਮਦਾਇਕ ਅਤੇ ਸਵਾਗਤਯੋਗ ਮਾਹੌਲ ਮਿਲ ਸਕੇ। ਆਸਟ੍ਰੇਲੀਆ ਸਿੱਖ ਗੇਮਜ਼ ਦਾ ਇਤਿਹਾਸ ਕਾਫ਼ੀ ਸ਼ਾਨਦਾਰ ਹੈ ਅਤੇ ਇਹ ਆਸਟ੍ਰੇਲੀਆਈ ਸਿੱਖ ਭਾਈਚਾਰੇ ਦੀ ਮਾਣ ਅਤੇ ਖੇਡਾਂ ਦੇ ਜਜ਼ਬੇ ਨਾਲ ਡੂੰਘਾ ਸੰਬੰਧ ਰੱਖਦਾ ਹੈ। ਇਹ ਖੇਡਾਂ 1988 ਵਿੱਚ ਮੇਲਬਰਨ, ਵਿਕਟੋਰੀਆ ਵਿੱਚ ਕ ਖੇਡੀਆਂ ਗਈਆਂ ਸਨ, ਜਿਸਦਾ ਮੁੱਖ ਮਕਸਦ ਸਿੱਖ ਭਾਈਚਾਰੇ ਨੂੰ ਖੇਡਾਂ ਅਤੇ ਸੱਭਿਆਚਾਰ ਰਾਹੀਂ ਇਕੱਠੇ ਕਰਨਾ ਸੀ।

ਆਸਟ੍ਰੇਲੀਆ ਸਿੱਖ ਗੇਮਜ਼ ਦੇ ਪਹਿਲੇ ਪ੍ਰਧਾਨ ਜਸਬੀਰ ਸਿੰਘ ਗਿੱਲ ਸਨ, ਜਿਨ੍ਹਾਂ ਨੇ ਇਸ ਨੂੰ ਸਲਾਨਾ ਤਿਉਹਾਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਸ ਤੋਂ ਬਾਅਦ ਇਹ ਗੇਮਜ਼ ਤੇਜ਼ੀ ਨਾਲ ਵਧਦੀਆਂ ਗਈਆਂ ਹਨ ਅਤੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਲਈ ਸਭ ਤੋਂ ਵੱਡੇ ਇਵੈਂਟਾਂ ਵਿੱਚੋਂ ਇੱਕ ਬਣ ਗਈਆਂ ਹਨ। ਹਰ ਸਾਲ ਇਹ ਇਵੈਂਟ ਵੱਖ-ਵੱਖ ਸ਼ਹਿਰਾਂ ਵਿੱਚ ਕਰਵਾਇਆ ਜਾਂਦਾ ਹੈ, ਜਿਸ ਨਾਲ ਆਸਟ੍ਰੇਲੀਆ ਦੇ ਸਿੱਖ ਭਾਈਚਾਰਿਆਂ ਨੂੰ ਇਸ ਵਿੱਚ ਮਾਲਕਾਨਾ ਹਿੱਸਾ ਲੈਣ ਅਤੇ ਇਸ ਪਿਆਰੇ ਤਿਉਹਾਰ ਵਿੱਚ ਭਾਗ ਲੈਣ ਦਾ ਮੌਕਾ ਮਿਲਦਾ ਹੈ। 2025 ਦੀਆਂ ਆਸਟ੍ਰੇਲੀਆ ਸਿੱਖ ਗੇਮਜ਼ ਇਕ ਯਾਦਗਾਰ ਮੌਕਾ ਬਣਨ ਵਾਲੀਆਂ ਹਨ, ਜੋ ਪ੍ਰੰਪਰਾਵਾਂ ਦਾ ਸਨਮਾਨ ਕਰਨਗੀਆਂ ਅਤੇ ਖੇਡਾਂ ਅਤੇ ਸਭਿਆਚਾਰ ਦੇ ਜਸ਼ਨ ਨਾਲ ਸਿੱਖ ਖਿਡਾਰੀਆਂ ਅਤੇ ਚਾਹਵਾਨਾਂ ਦੀ ਭਿੰਨਤਾ ਅਤੇ ਪ੍ਰਤੀਭਾ ਦਾ ਜਸ਼ਨ ਮਨਾਏਗੀ।

# ਪਾਕਿਸਤਾਨ ਨੂੰ ਭਾਰਤ ਨਾਲ ਕ੍ਰਿਕਟ ਖੇਡਣੀ ਬੰਦ ਕਰ ਦੇਣੀ ਚਾਹੀਦੀ ਹੈ : ਰਾਸ਼ਿਦ ਲਤੀਫ



ਨਵੀਂ ਦਿੱਲੀ- ਸਾਬਕਾ ਵਿਕਟਕੀਪਰ ਬੱਲੇਬਾਜ਼ ਰਾਸ਼ਿਦ ਲਤੀਫ ਨੇ ਕਿਹਾ ਕਿ ਜੇਕਰ ਉਸਦੇ ਕੋਲ ਅਧਿਕਾਰ ਹੁੰਦਾ ਹੈ ਤਾਂ ਉਹ ਪਾਕਿਸਤਾਨ ਨੂੰ ਕਿਸੇ ਵੀ ਟੂਰਨਾਮੈਂਟ ਵਿਚ ਭਾਰਤ ਵਿਰੁੱਧ ਨਹੀਂ ਖੇਡਣ ਦਿੰਦਾ ਤੇ ਉਸ ਨੇ ਨਾਲ ਹੀ ਸੁਝਾਅ ਦਿੱਤਾ ਕਿ ਕੌਮਾਂਤਰੀ ਕ੍ਰਿਕਟ ਪ੍ਰੀਸ਼ਦ (ਆਈ. ਸੀ.ਸੀ.) ਨੂੰ ਦੋਵੇਂ ਦੇਸ਼ਾਂ ਨੂੰ ਤੱਦ ਤਕ ਵਿਸ਼ਵ ਪੱਧਰੀ ਪ੍ਰਤੀਯੋਗਿਤਾਵਾਂ ਦੀ ਮੇਜ਼ਬਾਨੀ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ ਜਦੋਂ ਤੱਕ ਕਿ ਦੋਵੇਂ ਆਪਣੀਆਂ ਸਮੱਸਿਆਵਾਂ ਨਹੀਂ ਸੁਲਝਾ ਲੈਂਦੇ।

ਭਾਰਤੀ ਕ੍ਰਿਕਟ ਬੋਰਡ (ਬੀ. ਸੀ. ਸੀ. ਆਈ.) ਨੇ ਆਪਣੀ ਟੀਮ ਨੂੰ ਆਗਾਮੀ ਚੈਂਪੀਅਨਜ਼ ਟਰਾਫੀ ਲਈ ਪਾਕਿਸਤਾਨ ਭੇਜਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਇਸ ਤਰ੍ਹਾਂ ਦੀਆਂ ਅਟਕਲਾਂ ਹਨ ਕਿ ਪੂਰੇ ਟੂਰਨਾਮੈਂਟ ਦਾ ਆਯੋਜਨ ਦੇਸ਼ ਤੋਂ ਬਾਹਰ ਹੋ ਸਕਦਾ ਹੈ। ਪਾਕਿਸਤਾਨ ਕ੍ਰਿਕਟ ਬੋਰਡ (ਪੀ. ਸੀ. ਬੀ.) ਨੇ ਕੌਮਾਂਤਰੀ ਕ੍ਰਿਕਟ ਪ੍ਰੀਸ਼ਦ (ਆਈ. ਸੀ. ਸੀ.) ਨੂੰ ਪੱਤਰ ਲਿਖ ਕੇ ਬੀ. ਸੀ. ਸੀ. ਆਈ. ਤੋਂ ਲਿਖਤੀ ਰੂਪ ਵਿਚ ਪੁਸ਼ਟੀ ਮੰਗੀ ਹੈ ਕਿ ਭਾਰਤ ਟੂਰਨਾਮੈਂਟ ਲਈ ਪਾਕਿਸਤਾਨ ਦੀ ਯਾਤਰਾ ਕਰਨ ਵਿਚ ਅਸਮਰਥ ਹੈ।

ਲਤੀਫ ਨੇ ਕਿਹਾ,''ਇਸ ਤਰ੍ਹਾਂ ਦੀਆਂ ਸੰਭਾਵਨਾਵਾਂ ਹਨ ਕਿ ਪਾਕਿਸਤਾਨ ਭਾਰਤ ਵਿਰੁੱਧ ਕ੍ਰਿਕਟ ਖੇਡਣੀ ਛੱਡ ਸਕਦਾ ਹੈ। ਜੇਕਰ ਮੇਰੇ ਕੋਲ ਅਧਿਕਾਰ ਹੁੰਦਾ ਤਾਂ ਹਾਂ, ਮੈਂ ਸ਼ਾਇਦ ਇਹ ਸਖਤ ਕਦਮ ਚੁੱਕ ਲੈਂਦਾ। ਮੈਂ ਇਸ ਦੇ ਲਈ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਵਾਂਗਾ। ਜੇਕਰ ਤੁਸੀਂ (ਪਾਕਿਸਤਾਨ) ਨਹੀਂ ਖੇਡਣ ਚਾਹੁੰਦੇ ਤਾਂ ਫਿਰ ਸਾਡੇ ਵਿਰੁੱਧ (ਬਿਲਕੁੱਲ ਵੀ) ਨਾ ਖੇਡੋ। ਜੇਕਰ ਮੈਂ ਉੱਥੇ ਹੁੰਦਾ ਤਾਂ ਮੈਂ ਇਹ ਫੈਸਲਾ ਕਰਦਾ ਤੇ ਬੀ. ਸੀ. ਸੀ. ਆਈ. ਵਿਰੁੱਧ ਲੜਦਾ।'

# ਸੂਰਿਆ ਦੇ ਭਰੋਸੇ 'ਤੇ ਖਰਾ ਉਤਰਨਾ ਚਾਹੁੰਦਾ ਸੀ: ਤਿਲਕ ਵਰਮਾ



ਸੈਂਚੁਰੀਅਨ- ਜਦੋਂ ਸੂਰਿਆਕੁਮਾਰ ਯਾਦਵ ਨੇ ਤਿਲਕ ਵਰਮਾ ਦੇ ਹੋਟਲ ਦੇ ਕਮਰੇ 'ਚ ਦਸਤਕ ਦਿੱਤੀ ਕਿ ਉਹ ਤੀਜੇ ਟੀ-20 ਮੈਚ 'ਚ ਤੀਜੇ ਨੰਬਰ 'ਤੇ ਬੱਲੇਬਾਜ਼ੀ ਕਰਨਗੇ ਤਾਂ ਉਹ ਇਸ ਬੱਲੇਬਾਜ਼ ਦਾ ਧੰਨਵਾਦ ਕਰਦੇ ਹੋਏ ਖੁਸ਼ੀ ਨਾਲ ਭਰ ਗਏ ਆਪਣੇ ਕਪਤਾਨ ਨਾਲ ਵਾਅਦਾ ਕੀਤਾ ਕਿ ਉਹ ਉਸਦੇ ਭਰੋਸੇ 'ਤੇ ਖਰਾ ਉਤਰੇਗਾ। ਤਿਲਕ ਨੇ 51 ਗੇਂਦਾਂ ਵਿੱਚ ਸੈਂਕੜਾ ਜੜਿਆ ਅਤੇ ਸਿਰਫ਼ 19 ਗੇਂਦਾਂ ਵਿੱਚ ਆਪਣਾ ਦੂਜਾ ਅਰਧ ਸੈਂਕੜਾ ਪੂਰਾ ਕੀਤਾ। ਇਸ ਤੋਂ ਬਾਅਦ ਡਗਆਊਟ 'ਚ ਦੇਖਦੇ ਹੋਏ ਉਨ੍ਹਾਂ ਨੇ ਆਪਣੇ ਕਪਤਾਨ ਦਾ ਧੰਨਵਾਦ ਕਰਨ ਲਈ 'ਫਲਾਇੰਗ ਕਿੱਸ' ਦਿੱਤੀ।

ਸੂਰਿਆਕੁਮਾਰ ਨੇ ਉਸ ਨੂੰ ਆਪਣੇ ਬੱਲੇਬਾਜ਼ੀ ਕ੍ਰਮ ਵਿੱਚ ਮੈਦਾਨ ਵਿੱਚ ਉਤਾਰਨ ਦਾ ਫੈਸਲਾ ਕੀਤਾ ਸੀ। ਤਿਲਕ ਨੇ ਦੱਖਣੀ ਅਫਰੀਕਾ 'ਤੇ 11 ਦੌੜਾਂ ਦੀ ਜਿੱਤ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ, "ਇਹ ਸਾਡੇ ਕਪਤਾਨ 'ਸਕਾਈ' ਲਈ ਸੀ ਜਿਸ ਨੇ ਮੈਨੂੰ ਤੀਜੇ ਨੰਬਰ 'ਤੇ ਖੇਡਣ ਦਾ ਮੌਕਾ ਦਿੱਤਾ ਸੀ ਪਰ ਆਖਰੀ ਦੋ ਮੈਚਾਂ ਵਿਚ ਚੌਥੇ ਨੰਬਰ 'ਤੇ ਉਤਰਿਆ ਸੀ।

" ਮੈਚ ਤੋਂ ਇਕ ਰਾਤ ਪਹਿਲਾਂ ਉਹ ਮੇਰੇ ਕਮਰੇ ਵਿਚ ਆਇਆ ਅਤੇ ਕਿਹਾ ਕਿ ਤੁਸੀਂ ਤੀਜੇ ਨੰਬਰ 'ਤੇ ਹੋਵੋਗੇ। ਉਸ ਨੇ ਕਿਹਾ ਕਿ ਇਹ ਵਧੀਆ ਮੌਕਾ ਹੈ ਅਤੇ ਖੁੱਲ੍ਹ ਕੇ ਖੇਡੋ। ਮੈਂ ਕਿਹਾ ਕਿ ਤੁਸੀਂ ਮੈਨੂੰ ਇਹ ਮੌਕਾ ਦਿੱਤਾ ਹੈ ਅਤੇ ਮੈਂ ਮੈਦਾਨ 'ਤੇ ਤੁਹਾਡੇ ਭਰੋਸੇ 'ਤੇ ਖਰਾ ਉਤਰਾਂਗਾ।''

ਉਸ ਨੇ ਕਿਹਾ, ''ਜਦੋਂ ਅਸੀਂ ਫਲਾਪ ਰਹੇ, ਉਦੋਂ ਵੀ ਟੀਮ ਨੇ ਸਾਡਾ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਨਾਲ ਭਾਰਤੀ ਟੀਮ ਜਾਣੀ ਜਾਂਦੀ ਹੈ, ਉਸੇ ਤਰ੍ਹਾਂ ਖੇਡੋ। ਕਪਤਾਨ ਅਤੇ ਪ੍ਰਬੰਧਨ (ਅੰਤਰਿਮ ਕੋਚ ਵੀ.ਵੀ.ਐੱਸ. ਲਕਸ਼ਮਣ) ਨੇ ਕਿਹਾ ਕਿ ਵਿਕਟਾਂ ਡਿੱਗਣ 'ਤੇ ਵੀ ਸਖਤ ਖੇਡਣਾ ਚਾਹੀਦਾ ਹੈ।'' ਤਿਲਕ ਨੇ ਕਿਹਾ ਕਿ ਉਹ ਉਂਗਲੀ ਦੀ ਸੱਟ ਕਾਰਨ ਦੋ ਅੰਤਰਰਾਸ਼ਟਰੀ ਦੌਰਿਆਂ ਤੋਂ ਖੁੰਝ ਗਿਆ ਸੀ ਪਰ ਉਹ ਹਮੇਸ਼ਾ ਜਾਣਦਾ ਸੀ ਕਿ ਉਸ ਦਾ ਸਮਾਂ ਆਵੇਗਾ। ਉਸ ਨੇ ਕਿਹਾ, ''ਪਿਛਲੇ ਆਈਪੀਐੱਲ ਮੈਚ 'ਚ ਮੇਰੀ ਉਂਗਲੀ ਟੁੱਟ ਗਈ ਸੀ ਅਤੇ ਮੈਂ ਦੋ ਮਹੀਨੇ ਤੱਕ ਨਹੀਂ ਖੇਡ ਸਕਿਆ। ਇਸ ਤੋਂ ਬਾਅਦ ਮੈਨੂੰ ਫਿਰ ਨੈੱਟ 'ਚ ਫ੍ਰੈਕਚਰ ਹੋ ਗਿਆ, ਜਿਸ ਕਾਰਨ ਮੈਂ ਜ਼ਿੰਬਾਬਵੇ ਅਤੇ ਸ਼੍ਰੀਲੰਕਾ ਨਹੀਂ ਜਾ ਸਕਿਆ। ਮੈਂ ਬੁਰਾ ਮਹਿਸੂਸ ਕਰ ਰਿਹਾ ਸੀ ਪਰ ਮੈਂ ਆਪਣਾ ਸੰਜਮ ਨਹੀਂ ਗੁਆਇਆ ਅਤੇ ਪ੍ਰਕਿਰਿਆ 'ਤੇ ਧਿਆਨ ਦਿੱਤਾ। ਮੈਨੂੰ ਪਤਾ ਸੀ ਕਿ ਸਹੀ ਸਮਾਂ ਆਉਣ 'ਤੇ ਮੈਂ ਦੌੜਾਂ ਬਣਾਵਾਂਗਾ

## ਚੈਂਪੀਅਨਸ ਟਰਾਫੀ ਨੂੰ ਲੈ ਕੇ ਛਿੜਿਆ ਵਿਵਾਦ, ਪਾਕਿਸਤਾਨ ਨਹੀਂ ਜਾਵੇਗੀ ਭਾਰਤੀ ਟੀਮ, ਕੀ ਰੱਦ ਹੋਵੇਗਾ ਟੂਰਨਾਮੈਂਟ ?




ਆਈਸੀਸੀ ਚੈਂਪੀਅਨਸ ਟਰਾਫੀ ਅਗਲੇ ਸਾਲ ਪਾਕਿਸਤਾਨ ਵਿੱਚ ਹੋਣੀ ਹੈ। ਪਰ ਉਮੀਦ ਮੁਤਾਬਿਕ ਭਾਰਤ ਨੇ ਪਾਕਿਸਤਾਨ ਜਾ ਕੇ ਟੂਰਨਾਮੈਂਟ ਖੇਡਣ ਤੋਂ ਇਨਕਾਰ ਕਰ ਦਿੱਤਾ ਹੈ। ਬੀਸੀਸੀਆਈ ਨੇ ਆਈਸੀਸੀ ਨੂੰ ਜਾਣਕਾਰੀ ਦਿੱਤੀ ਅਤੇ ਪਾਕਿਸਤਾਨ ਕ੍ਰਿਕਟ ਬੋਰਡ ਨੇ ਹੰਗਾਮਾ ਮਚਾ ਦਿੱਤਾ। PCB ਨੇ ਆਈਸੀਸੀ ਤੋਂ ਮੰਗ ਕੀਤੀ ਹੈ ਕਿ ਬੀਸੀਸੀਆਈ ਪਾਕਿਸਤਾਨ ਨਾ ਆਉਣ ਦਾ ਕਾਰਨ ਦੱਸੇ। ਬੋਰਡ ਨੇ ਕਿਸ ਕਾਰਨ ਆਪਣੀ ਟੀਮ ਪਾਕਿਸਤਾਨ ਭੇਜਣ ਤੋਂ ਕੀਤਾ ਇਨਕਾਰ? ਇਸ ਹਫੜਾ-ਦਫੜੀ ਦੇ ਵਿਚਕਾਰ, ਪ੍ਰਸ਼ੰਸਕਾਂ ਦੇ ਮਨਾਂ ਵਿੱਚ ਹੁਣ ਸਵਾਲ ਉੱਠ ਰਿਹਾ ਹੈ ਕਿ ਕੀ ਟੂਰਨਾਮੈਂਟ ਰੱਦ ਹੋਵੇਗਾ ਜਾਂ ਇਹ ਭਾਰਤ ਤੋਂ ਬਿਨਾਂ ਖੇਡਿਆ ਜਾਵੇਗਾ ਕਿਉਂਕਿ ਪੀਸੀਬੀ ਨੇ ਹਾਈਬ੍ਰਿਡ ਮਾਡਲ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ ਹੈ।

ਭਾਰਤ ਦੇ ਆਈਸੀਸੀ ਚੈਂਪੀਅਨਸ ਟਰਾਫੀ ਲਈ ਪਾਕਿਸਤਾਨ ਵਿੱਚ ਖੇਡਣ ਤੋਂ ਇਨਕਾਰ ਕਰਨ ਤੋਂ ਬਾਅਦ ਤੋਂ ਹੀ ਹੰਗਾਮਾ ਹੋ ਰਿਹਾ ਹੈ। ਇਸ ਨੂੰ ਲੈ ਕੇ ਸਾਬਕਾ ਕ੍ਰਿਕਟਰ ਵੀ ਵੱਖ-ਵੱਖ ਬਿਆਨ ਦੇ ਰਹੇ ਹਨ। ਪਾਕਿਸਤਾਨ ਦੇ ਡਿਬੇਟ ਸ਼ੋਅ 'ਤੇ ਵੀ ਇਹ ਗੱਲ ਚੱਲ ਰਹੀ ਹੈ ਕਿ ਭਾਰਤੀ ਟੀਮ ਨੂੰ ਟੂਰਨਾਮੈਂਟ 'ਚੋਂ ਬਾਹਰ ਕਰ ਦਿੱਤਾ ਜਾਵੇ ਅਤੇ ਉਸ ਦੀ ਥਾਂ 'ਤੇ ਸ਼੍ਰੀਲੰਕਾ ਨੂੰ ਸ਼ਾਮਿਲ ਕੀਤਾ ਜਾਵੇ। ਪੈਨਲ 'ਤੇ ਬੈਠੇ ਲੋਕ ਭਾਵੇਂ ਅਜਿਹੀਆਂ ਗੱਲਾਂ ਕਹਿ ਸਕਦੇ ਹਨ ਪਰ ਅਸਲ 'ਚ ਆਈਸੀਸੀ ਅਤੇ ਪੀਸੀਬੀ ਦੋਵੇਂ ਜਾਣਦੇ ਹਨ ਕਿ ਜੇਕਰ ਭਾਰਤ ਚੈਂਪੀਅਨਜ਼ ਟਰਾਫੀ 'ਚ ਨਹੀਂ ਖੇਡਦਾ ਤਾਂ ਉਨ੍ਹਾਂ ਨੂੰ ਬਹੁਤ ਨੁਕਸਾਨ ਹੋਵੇਗਾ।

ਹੁਣ ਪਾਕਿਸਤਾਨ ਕੋਲ ICC ਚੈਂਪੀਅਨਸ ਟਰਾਫੀ ਲਈ ਕਿੰਨੇ ਰਸਤੇ ਬਚੇ ਹਨ? ਪਹਿਲਾ ਅਤੇ ਆਸਾਨ ਤਰੀਕਾ ਇਹ ਹੈ ਕਿ ਪੀਸੀਬੀ ਹਾਈਬ੍ਰਿਡ ਮਾਡਲ ਵਿੱਚ ਟੂਰਨਾਮੈਂਟ ਕਰਵਾਉਣ ਲਈ ਸਹਿਮਤ ਹੋਵੇ। ਸੈਮੀਫਾਈਨਲ ਅਤੇ ਫਾਈਨਲ ਸਮੇਤ ਭਾਰਤ ਦੇ ਸਾਰੇ ਮੈਚ ਪਾਕਿਸਤਾਨ ਤੋਂ ਬਾਹਰ ਹੋਣੇ ਚਾਹੀਦੇ ਹਨ। ਇਕ ਹੋਰ ਵਿਕਲਪ ਇਹ ਹੋ ਸਕਦਾ ਹੈ ਕਿ ਪੂਰੇ ਟੂਰਨਾਮੈਂਟ ਨੂੰ ਪਾਕਿਸਤਾਨ ਤੋਂ ਬਾਹਰ ਕਰਵਾਇਆ ਜਾਵੇ। ਅਜਿਹਾ ਇਸ ਤੋਂ ਪਹਿਲਾਂ ਵੀ ਹੋਇਆ ਹੈ ਜਦੋਂ 2021 ਟੀ-20 ਵਿਸ਼ਵ ਕੱਪ ਦੀ ਮੇਜ਼ਬਾਨੀ ਭਾਰਤ ਨੇ ਯੂਏਈ ਅਤੇ ਓਮਾਨ ਵਿੱਚ ਕੀਤੀ ਸੀ।


ਤੀਜਾ ਵਿਕਲਪ ਇਹ ਹੈ ਕਿ ਭਾਰਤ ਚੈਂਪੀਅਨਸ ਟਰਾਫੀ ਤੋਂ ਬਾਹਰ ਹੋ ਜਾਵੇ ਅਤੇ ਉਸ ਦੀ ਥਾਂ ਸ਼੍ਰੀਲੰਕਾ ਨੂੰ ਚੋਟੀ ਦੀਆਂ 8 ਟੀਮਾਂ ਵਿੱਚ ਸ਼ਾਮਿਲ ਕੀਤਾ ਜਾਵੇ। ਜੇਕਰ ਅਜਿਹਾ ਹੁੰਦਾ ਹੈ ਤਾਂ ਪਾਕਿਸਤਾਨ ਕ੍ਰਿਕਟ ਬੋਰਡ ਨੂੰ ਹੀ ਨਹੀਂ ਸਗੋਂ ਆਈਸੀਸੀ ਨੂੰ ਵੀ ਵੱਡਾ ਨੁਕਸਾਨ ਉਠਾਉਣਾ ਪੈ ਸਕਦਾ ਹੈ। ਆਖਰੀ ਵਿਕਲਪ ਇਹ ਹੋ ਸਕਦਾ ਹੈ ਕਿ ਹਫੜਾ-ਦਫੜੀ ਦੇ ਮੱਦੇਨਜ਼ਰ ਇਸ ਚੈਂਪੀਅਨਸ ਟਰਾਫੀ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਜਾਵੇ।

# WHITE ROSE BUILDERS

*We do not build houses, We create homes...*

*Proudly Celebrating*

## 20 Years in Business



DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED